@Qpatrika
@qaumipatrika punjabi
instagram.com/qaumipatrika
Largest Circulated
विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Sunday, 14 April 2024

Punjabi National Daily
Qaumi Patrika NO.1

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਐਤਵਾਰ 14 ਅਪ੍ਰੈਲ 2024, 31 ਚੈਤ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 144, qpatrika@gmail.com ਫੋਨ : 9971359517 www.qaumipatrika.org

## ਵਾਰਾਣਸੀ ਵਿਚ ਗੰਗਾ ਪ੍ਰਦੂਸ਼ਣ, ਐੱਨ.ਜੀ.ਟੀ. ਨੇ ਮੁੱਖ ਵਾਤਾਵਰਣ ਅਧਿਕਾਰੀ 'ਤੇ ਲਗਾਇਆ ਜੁਰਮਾਨਾ

ਨਵੀਂ ਦਿੱਲੀ 13 ਅਪ੍ਰੈਲ। ਵਾਰਾਣਸੀ 'ਚ ਗੰਗਾ ਨਦੀ ਨੂੰ ਪ੍ਰਦੂਸਿ?ਤ ਕਰਨ ਵਾਲੇ ਲੋਕਾਂ ਅਤੇ ਸੰਸਥਾਵਾਂ 'ਤੇ ਵਾਤਾਵਰਣ ਮੁਆਵਜਾ ਲਗਾਉਣ ਸਬੰਧੀ ਨੈਸਨਲ ਗ੍ਰੀਨ ਟ੍ਰਿਬਿਊਨਲ (ਐੱਨ.ਜੀ.ਟੀ.) ਦੇ ਹੁਕਮ ਦੀ ਪਾਲਣਾ ਨਾ ਕਰਨ 'ਤੇ ਉੱਤਰ ਪ੍ਰਦੇਸ ਦੇ ਮੁੱਖ ਵਾਤਾਵਰਣ ਅਧਿਕਾਰੀ ਨੂੰ 10,000 ਰੁਪਏ ਦਾ ਜੁਰਮਾਨਾ ਲਗਾਇਆ ਗਿਆ ਹੈ। ਟ੍ਰਿਬਿਊਨਲ ਪੂਰਬੀ ਉੱਤਰ ਪ੍ਰਦੇਸ ਦੇ ਵਾਰਾਣਸੀ ਸਹਿਰ ਵਿਚ ਵੱਖ-ਵੱਖ ਥਾਵਾਂ 'ਤੇ ਘਰੇਲੂ ਅਤੇ ਉਦਯੋਗਿਕ ਗੰਦੇ ਪਾਣੀ ਨੂੰ ਨਦੀ ਵਿਚ ਛੱਡਣ ਦੇ ਮਾਮਲੇ ਦੀ ਸੁਣਵਾਈ ਕਰ ਰਿਹਾ ਸੀ। ਇਸ ਤੋਂ ਪਹਿਲਾਂ ਇਸ ਸਾਲ 16 ਫਰਵਰੀ ਨੂੰ ਟ੍ਰਿਬਿਊਨਲ ਨੇ ਵਾਰਾਣਸੀ ਨਗਰ ਨਿਗਮ ਦੀ ਰਿਪੋਰਟ ਦਾ ਨੋਟਿਸ ਲਿਆ ਸੀ, ਜਿਸ ਅਨੁਸਾਰ 10 ਕਰੋੜ ਲੀਟਰ ਪ੍ਰਤੀ ਦਿਨ (ਐੱਮ.ਐੱਲ.ਡੀ.) ਗੰਦਾ ਪਾਣੀ ਨਦੀ ਵਿਚ ਛੱਡਿਆ ਜਾ ਰਿਹਾ ਸੀ। ਉੱਤਰ ਪ੍ਰਦੇਸ ਪ੍ਰਦੂਸਣ ਕੰਟਰੋਲ ਬੋਰਡ (ਯੂ.ਪੀ.ਪੀ.ਸੀ.ਬੀ.) ਨੇ ਕਿਹਾ ਸੀ ਕਿ 4 ਹਫਤਿਆਂ ਦੇ ਅੰਦਰ ਦੋਸੀ ਸੰਸਥਾ ਜਾਂ ਲੋਕਾਂ 'ਤੇ ਵਾਤਾਵਰਣ ਮੁਆਵਜਾ (ਈ. ਸੀ.) ਲਗਾਇਆ ਜਾਵੇਗਾ।

## ਪ੍ਰਧਾਨ ਮੰਤਰੀ ਮੋਦੀ ਖਿਲਾਫ ਦਿੱਤੇ ਵਿਵਾਦਤ ਬਿਆਨ ਤੋਂ ਪਲਟੀ ਮੀਸਾ ਭਾਰਤੀ

ਪਟਨਾ 13 ਅਪ੍ਰੈਲ। ਬਿਹਾਰ ਦੀ ਪਾਟਲੀਪੁੱਤਰ ਲੋਕ ਸਭਾ ਸੀਟ ਤੋਂ ਰਾਸ਼ਟਰੀ ਜਨਤਾ ਦਲ ਦੀ ਉਮੀਦਵਾਰ ਮੀਸਾ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖਿਲਾਫ ਦਿੱਤੇ ਗਏ ਆਪਣੇ ਬਿਆਨ ਤੋਂ ਪਲਟ ਗਈ। ਸ਼ੁੱਕਰਵਾਰ ਨੂੰ ਉਸ ਨੇ ਇਸ ਮਾਮਲੇ 'ਤੇ ਸਫਾਈ ਜਾਰੀ ਕਰਦੇ ਹੋਏ ਕਿਹਾ ਕਿ ਮੈਂ ਬਿਆਨ ਦਿੱਤਾ ਉਹ ਕਿਸੇ ਨੇ ਪੂਰਾ ਸੁਣਿਆ ਨਹੀਂ, ਪ੍ਰਧਾਨ ਮੰਤਰੀ ਦੇ ਉੱਪਰ ਮੈਂ ਇਹ ਕਿਹਾ ਸੀ ਕਿ ਸੁਪਰੀਮ ਕੋਰਟ ਨੇ ਜੋ ਇਲੈਕਟ੍ਰੋਲ ਬਾਂਡ 'ਤੇ ਟਿੱਪਣੀ ਕੀਤੀ ਹੈ, ਅਸੀਂ ਆਵਾਂਗੇ ਤਾਂ ਜਾਂਚ ਕਰਾਵਾਂਗੇ, ਜੋ ਦੋਸ਼ੀ ਹੋਣਗੇ ਉਸਨੂੰ ਸਜਾ ਦਿੱਤੀ ਜਾਏਗੀ। ਮੀਸਾ ਨੇ ਅੱਗੇ ਕਿਹਾ ਕਿ ਭਾਜਪਾ ਵਾਲੇ ਸੀ. ਬੀ. ਆਈ., ਈ. ਡੀ. ਤੋਂ ਵਿਰੋਧੀ ਧਿਰ ਦੇ ਉੱਪਰ ਛਾਪੇ ਮਰਵਾ ਕੇ ਜੇਲ ਵਿਚ ਸੁੱਟ ਰਹੇ ਹਨ, ਪੀ. ਐੱਮ. ਕੋਲ ਕੀ ਮੁੱਦਾ ਹੈ, ਕੀ ਉਹ ਬੇਰੁਜਗਾਰੀ 'ਤੇ ਗੱਲ ਕਰ ਰਹੇ ਹਨ, ਮਹਿੰਗਾਈ 'ਤੇ ਗੱਲ ਕਰ ਰਹੇ? ਮੀਸਾ ਭਾਰਤੀ ਨੇ ਵੀਰਵਾਰ ਨੂੰ ਆਪਣੇ ਇਕ ਬਿਆਨ ਵਿਚ ਕਿਹਾ ਸੀ ਕਿ ਜੇਕਰ ਲੋਕਾਂ ਨੇ 'ਇੰਡੀਆ' ਗੱਠਜੋੜ ਨੂੰ ਸੱਤਾ ਦੀ ਕੁਰਸੀ 'ਤੇ ਬਿਠਾਇਆ ਤਾਂ ਪੀ. ਐੱਮ. ਮੋਦੀ ਸਲਾਖਾਂ ਪਿੱਛੇ ਹੋਣਗੇ।

# ਤਿਹਾੜ ਜੇਲ੍ਹ 'ਚ ਕੇਜਰੀਵਾਲ ਨਾਲ ਕੀਤਾ ਜਾ ਰਿਹੈ ਅਣਮਨੁੱਖੀ ਰਵੱਈਆ: ਸੰਜੇ ਸਿੰਘ

ਸਿੰਮੀ ਕੌਰ ਬੱਬਰ

ਨਵੀਂ ਦਿੱਲੀ 13 ਅਪ੍ਰੈਲ। ਆਮ ਆਦਮੀ ਪਾਰਟੀ ਦੇ ਰਾਜ ਸਭਾ ਸੰਸਦ ਮੈਂਬਰ ਸੰਜੇ ਸਿੰਘ ਨੇ ਤਿਹਾੜ ਜੇਲ੍ਹ ਪ੍ਰਸ਼ਾਸਨ 'ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਅਣਮਨੁੱਖੀ ਰਵੱਈਆ ਕਰਨ ਦਾ ਦੋਸ਼ ਲਗਾਇਆ ਹੈ। ਉਨ੍ਹਾਂ ਨੇ ਸ਼ਨੀਵਾਰ ਨੂੰ ਇਕ ਪ੍ਰੈੱਸ ਕਾਨਫਰੰਸ ਕਰ ਕੇ ਕਿਹਾ ਕਿ ਸੁਨੀਤਾ ਕੇਜਰੀਵਾਲ ਨੂੰ ਤਿਹਾੜ ਜੇਲ੍ਹ 'ਚ ਕੇਜਰੀਵਾਲ ਦੇ ਨਾਲ ਆਹਮਣੇ-ਸਾਹਮਣੇ ਦੀ ਮੁਲਾਕਾਤ ਨਹੀਂ ਕਰਨ ਦਿੱਤੀ ਗਈ। ਜੇਲ੍ਹ ਅਧਿਕਾਰੀਆਂ ਨੇ ਉਨ੍ਹਾਂ ਨੂੰ ਖਿੜਕੀ ਰਾਹੀਂ ਕੇਜੀਰਵਾਲ ਨਾਲ ਮਿਲਣ ਦੀ ਮਨਜ਼ੂਰੀ ਦਿੱਤੀ। ਸੰਜੇ ਸਿੰਘ ਨੇ ਕਿਹਾ ਕਿ ਤਿਹਾੜ ਜੇਲ੍ਹ ਪ੍ਰਸ਼ਾਸਨ ਭਾਜਪਾ ਦੇ ਦਬਾਅ 'ਚ ਕੰਮ ਕਰ ਰਿਹਾ ਹੈ। ਸੰਜੇ ਸਿੰਘ ਨੇ ਦਾਅਵਾ ਕੀਤਾ ਕਿ ਤਿਹਾੜ ਜੇਲ੍ਹ 'ਚ ਆਹਮਣੇ-ਸਾਹਮਣੇ ਮੁਲਾਕਾਤ ਕਰਨਾ ਆਮ ਗੱਲ ਹੈ। ਉਨ੍ਹਾਂ ਕਿਹਾ,"ਕੇਜਰੀਵਾਲ ਨਾਲ ਅਣਮਨੁੱਖੀ



ਰਵੱਈਆ ਹੋ ਰਿਹਾ ਹੈ। ਇੱਥੇ ਤੱਕ ਕਿ ਖੂੰਖਾਰ ਅਪਰਾਧੀਆਂ ਨੂੰ ਵੀ ਆਪਣੇ ਪਰਿਵਾਰ ਵਾਲਿਆਂ ਨਾਲ ਉਨ੍ਹਾਂ ਦੇ ਬੈਰਕ 'ਚ ਮੁਲਾਕਾਤ ਕਰਨ ਦੀ ਮਨਜ਼ੂਰੀ ਹੈ, ਜਦੋਂ ਕਿ ਦਿੱਲੀ ਦੇ ਤਿੰਨ ਵਾਰ ਦੇ ਮੁੱਖ ਮੰਤਰੀ ਨੂੰ ਉਨ੍ਹਾਂ ਦੀ ਪਤਨੀ ਅਤੇ ਪੀ.ਏ. ਤੋਂ ਵਿੰਡੋ ਬਾਕਸ ਰਾਹੀਂ ਮੁਲਾਕਾਤ ਕਰਵਾਈ ਜਾ ਰਹੀ ਹੈ।" 'ਆਪ' ਨੇਤਾ ਨੇ ਦੋਸ਼ ਲਗਾਇਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਦਿੱਲੀ ਦੇ ਇਕ ਸੰਸਦ ਮੈਂਬਰ ਦੀ ਕੇਜਰੀਵਾਲ ਨਾਲ ਮੁਲਾਕਾਤ ਤਿਹਾੜ ਜੇਲ੍ਹ ਪ੍ਰਸ਼ਾਸਨ ਨੇ ਆਖਰੀ ਸਮੇਂ 'ਚ ਰੱਦ ਕਰ ਦਿੱਤੀ। ਇਸ ਦੇ ਪਿੱਛੇ ਸੁਰੱਖਿਆ ਕਾਰਨਾਂ ਦਾ ਹਵਾਲਾ ਦਿੱਤਾ ਗਿਆ। ਉਨ੍ਹਾਂ ਕਿਹਾ,"ਸਾਨੂੰ ਦੱਸਿਆ ਗਿਆ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਅਤੇ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਨੂੰ ਵਿੰਡੋ ਬਾਕਸ (ਜੇਲ੍ਹ ਦੀਆਂ ਸਲਾਖਾਂ ਵਿਚਾਲੇ ਬਣੀ ਛੋਟੀ ਜਿਹੀ ਖਿੜਕੀ ਰਾਹੀਂ ਮਿਲਣਾ ਹੋਵੇਗਾ। 'ਆਪ' ਦਿੱਲੀ ਦੇ ਮੁੱਖ ਮੰਤਰੀ, ਪੰਜਾਬ ਦੇ ਮੁੱਖ ਮੰਤਰੀ ਦਾ ਅਪਮਾਨ ਕਰ ਰਹੇ ਹਨ, ਕੇਜਰੀਵਾਲ ਨੂੰ ਤੋੜਨ ਦੀ ਕੋਸ਼ਿਸ਼ ਕਰ ਰਹੇ ਹਨ, ਦਿੱਲੀ ਦੇ ਮੁੱਖ ਮੰਤਰੀ ਨਾਲ ਮੇਰੀ ਬੈਠਕ ਰੱਦ ਕਰ ਦਿੱਤੀ ਗਈ ਹੈ, ਇਹ ਭਾਰਤੀ ਕਾਨੂੰਨ ਦਾ ਮਜਾਕ ਬਣਾਇਆ ਜਾ ਰਿਹਾ ਹੈ।

## ਮਮਤਾ ਬੈਨਰਜੀ ਦਾ ਵੱਡਾ ਦਾਅਵਾ, ਲੋਕ ਸਭਾ ਚੋਣਾਂ 'ਚ 200 ਸੀਟਾਂ ਵੀ ਨਹੀਂ ਜਿੱਤ ਸਕੇਗੀ ਭਾਜਪਾ



ਜਲਪਾਈਗੁੜੀ 13 ਅਪ੍ਰੈਲ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਅਤੇ ਤ੍ਰਿਣਮੂਲ ਕਾਂਗਰਸ ਮੁਖੀ ਮਮਤਾ ਬੈਨਰਜੀ ਨੇ ਸ਼ਨੀਵਾਰ ਨੂੰ ਦਾਅਵਾ ਕੀਤਾ ਕਿ ਆਗਾਮੀ ਲੋਕ ਸਭਾ ਚੋਣਾਂ 'ਚ ਭਾਰਤੀ ਜਨਤਾ ਪਾਰਟੀ (ਭਾਜਪਾ) 200 ਸੀਟਾਂ 'ਤੇ ਵੀ ਜਿੱਤ ਦਰਜ ਨਹੀਂ ਕਰ ਸਕੇਗੀ। ਇਸਦੇ ਨਾਲ ਹੀ ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦਿੱਤੀ ਜਾ ਰਹੀ ਗਾਰੰਟੀ ਨੂੰ ਝੂਠਾ ਕਰਾਰ ਦਿੱਤਾ। ਉੱਤਰੀ ਬੰਗਾਲ ਦੇ ਜਲਪਾਈਗੁੜੀ 'ਚ ਇਕ ਚੋਣ ਰੈਲੀ ਨੂੰ ਸੰਬੋਧਨ ਕਰਦੇ ਹੋਏ ਬੈਨਰਜੀ ਨੇ ਦੋਸ਼ ਲਗਾਇਆ ਕਿ ਭਾਜਪਾ ਭੀਬ ਰਾਓ ਅੰਬੇਡਕਰ ਦੁਆਰਾ ਬਣਾਏ ਗਏ ਸੰਵਿਧਾਨ ਨੂੰ ਨਸ਼ਟ ਕਰ ਰਹੀ ਹੈ। ਤ੍ਰਿਣਮੂਲ ਕਾਂਗਰਸ ਦੀ ਚੋਣ ਰੈਲੀ 'ਚ ਉਨ੍ਹਾਂ ਕਿਹਾ ਕਿ ਭਾਜਪਾ 200 ਸੀਟਾਂ ਵੀ ਨਹੀਂ ਜਿੱਤੇਗੀ। ਉਨ੍ਹਾਂ ਉੱਤਰ ਬੰਗਾਲ ਲਈ ਕੀ ਕੀਤਾ ਹੈ? ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 'ਗਾਰੰਟੀ' ਦੇ ਝਾਂਸੇ ਨਾ ਆਓ। ਇਹ ਕੁਝ ਹੋਰ ਨਹੀਂ ਸਗੋਂ ਚੁਣਾਵੀ ਜੁਮਲਾ ਹੈ। ਭਾਜਪਾ ਦੀ ਅਗਵਾਈ ਵਾਲੇ ਕੌਮੀ ਜਮਹੂਰੀ ਗਠਜੋੜ (ਐੱਨ.ਡੀ.ਏ.) ਨੇ ਆਉਣ ਵਾਲੀਆਂ ਚੋਣਾਂ ਵਿੱਚ 400 ਤੋਂ ਵੱਧ ਲੋਕ ਸਭਾ ਸੀਟਾਂ ਜਿੱਤਣ ਦਾ ਟੀਚਾ ਰੱਖਿਆ ਹੈ। ਮਮਤਾ ਬੈਨਰਜੀ ਨੇ ਦੋਸ ਲਾਇਆ ਕਿ ਤੁਸੀਂ (ਭਾਜਪਾ) ਦੇਸ ਦੇ ਸੰਵਿਧਾਨ ਨੂੰ ਤਬਾਹ ਕਰ ਦਿੱਤਾ ਹੈ ਜੋ ਬਾਬਾ ਸਾਹਿਬ ਅੰਬੇਡਕਰ ਦੁਆਰਾ ਤਿਆਰ ਕੀਤਾ ਗਿਆ ਸੀ।

## ਅਪਾਹਜ ਪਤੀ ਨੂੰ ਹਾਈ ਕੋਰਟ ਨੇ ਦਿੱਤੀ ਰਾਹਤ, ਨਹੀਂ ਦੇਣਾ ਪਵੇਗਾ ਪਤਨੀ ਨੂੰ ਗੁਜਾਰਾ ਭੱਤਾ

ਬੈਂਗਲੁਰੂ 13 ਅਪ੍ਰੈਲ। ਕਰਨਾਟਕ ਹਾਈ ਕੋਰਟ ਨੇ 75 ਫੀਸਦੀ ਅਪਾਹਜ ਵਿਅਕਤੀ ਨੂੰ ਉਸ ਤੋਂ ਵੱਖ ਰਹਿ ਰਹੀ ਪਤਨੀ ਨੂੰ ਗੁਜਾਰਾ ਭੱਤਾ ਦੇਣ ਲਈ ਮਜਬੂਰ ਕਰਨ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਉਸ ਦੀ ਗ੍ਰਿਫਤਾਰੀ ਜਾਂ ਜੁਰਮਾਨਾ ਲਾਉਣ ਦੀ ਮੰਗ ਕਰਨ ਵਾਲੇ ਹੇਠਲੀ ਅਦਾਲਤ ਦੇ ਹੁਕਮਾਂ ਨੂੰ ਰੱਦ ਕਰ ਦਿੱਤਾ ਹੈ। ਜਸਟਿਸ ਐੱਮ. ਨਾਗਪ੍ਰਸੰਨਾ ਦੀ ਸਿੰਗਲ ਬੈਂਚ ਨੇ ਪੁਰਸ ਦੀਆਂ ਸਰੀਰਕ ਕਮੀਆਂ 'ਤੇ ਜੋਰ ਦਿੰਦੇ ਹੋਏ ਕਿਹਾ, 'ਪਤੀ ਤੋਂ ਰੁਜਗਾਰ ਦੀ ਉਮੀਦ ਕਰਨਾ ਅਵਿਵਹਾਰਕ ਹੈ ਕਿ ਉਹ ਰੱਖ-ਰਖਾਅ ਦੇ ਖਰਚੇ ਦਾ ਭੁਗਤਾਨ ਕਰੇ ਕਿਉਂਕਿ ਪਤੀ ਬੈਸਾਖੀਆਂ ਦੇ ਸਹਾਰੇ ਚੱਲਦਾ ਹੈ। ਵਿਵਾਦ ਕਾਰਨ ਪਤੀ ਨੇ ਤਲਾਕ ਲਈ ਪਟੀਸਨ ਦਾਇਰ ਕਰਦਿਆਂ ਦੋਸ ਲਾਇਆ ਕਿ ਪਤਨੀ ਨੇ ਉਸ ਨੂੰ ਆਪਣੀ ਮਰਜੀ ਨਾਲ ਛੱਡ ਦਿੱਤਾ ਹੈ।

## 5 ਸਾਲਾ ਮਾਸੂਮ ਨਾਲ ਰੇਪ ਕਰ ਕੀਤਾ ਕਤਲ, 20 ਮਜਦੂਰਾਂ ਨੂੰ ਫੜ ਕੇ ਹੋ ਰਹੀ ਪੁੱਛ-ਗਿੱਛ

ਪਣਜੀ 13 ਅਪ੍ਰੈਲ। ਪੁਲਸ ਨੇ ਸ਼ਨੀਵਾਰ ਨੂੰ ਕਿਹਾ ਕਿ ਦੱਖਣੀ ਗੋਆ ਦੇ ਵਾਸਕੋ ਇਲਾਕੇ 'ਚ 5 ਸਾਲਾ ਮਾਸੂਮ ਨਾਲ ਕੰਸਟਰਕਸ਼ਨ ਸਾਈਟ 'ਤੇ ਜਬਰ ਜਿ?ਨਾਹ ਕੀਤਾ ਗਿਆ ਅਤੇ ਉਸ ਦਾ ਕਤਲ ਕਰ ਦਿੱਤਾ ਗਿਆ। ਘਟਨਾ ਤੋਂ ਬਾਅਦ ਪੁਲਸ ਨੇ ਸੰਬੰਧਤ ਧਾਰਾਵਾਂ ਦੇ ਅਧੀਨ ਮਾਮਲਾ ਦਰਜ ਕੀਤਾ ਅਤੇ 15-20 ਮਜਦੂਰਾਂ ਨੂੰ ਹਿਰਾਸਤ 'ਚ ਲਿਆ। ਜਿਨ੍ਹਾਂ ਬਾਰੇ ਕਿਹਾ ਜਾ ਰਿਹਾ ਹੈ ਕਿ ਉਹ ਉਸ ਸਥਾਨ 'ਤੇ ਮੌਜੂਦ ਸਨ, ਜਿੱਥੇ ਅਪਰਾਧ ਹੋਇਆ ਸੀ। ਘਟਨਾ ਬਾਰੇ ਜਾਣਕਾਰੀ ਦਿੰਦੇ ਹੋਏ ਸਾਊਥ ਗੋਆ, ਸੁਨੀਤਾ ਸਾਵੰਤ ਨੇ ਕਿਹਾ,"ਬੱਚੀ ਦੀ ਲਾਸ਼ ਦੀ ਜਾਂਚ ਪੁਲਸ ਸਰਜਨ ਵਲੋਂ ਕੀਤੀ ਗਈ ਹੈ ਅਤੇ ਪੋਸਟਮਾਰਟਮ ਕੀਤਾ ਗਿਆ। ਪੋਸਟਮਾਰਟਮ 'ਚ ਪੁਸ਼ਟੀ ਹੋਈ ਹੈ ਕਿ ਕੁੜੀ ਨਾਲ ਜਿਨਸੀ ਸ਼ੋਸ਼ਣ ਕੀਤਾ ਗਿਆ ਸੀ

# ਕੰਗਨਾ ਰਨੌਤ ਨੇ ਹਿਮਾਚਲ ਦੇ ਮੰਤਰੀ ਨੂੰ ਕਿਹਾ ਇਹ ਤੁਹਾਡੇ ਪੂਰਵਜਾਂ ਦੀ ਰਿਆਸਤ ਨਹੀਂ

ਤੇਜਿੰਦਰ ਕੌਰ ਬੱਬਰ

ਸ਼ਿਮਲਾ 13 ਅਪ੍ਰੈਲ। ਹਿਮਾਚਲ ਪ੍ਰਦੇਸ ਦੀ ਮੰਡੀ ਸੀਟ ਤੋਂ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਉਮੀਦਵਾਰ ਬਾਲੀਵੁੱਡ ਅਭਿਨੇਤਰੀ ਕੰਗਨਾ ਰਨੌਤ ਨੇ ਵੀਰਵਾਰ ਨੂੰ ਮੰਤਰੀ ਵਿਕਰਮਾਦਿਤਿਆ ਸਿੰਘ 'ਤੇ ਨਿਸਾਨਾ ਸਾਧਦੇ ਹੋਏ ਕਿਹਾ ਕਿ ਉਹ (ਸਿੰਘ) ਨਾ ਤਾਂ ਉਨ੍ਹਾਂ ਨੂੰ ਧਮਕੀ ਦੇ ਸਕਦੇ ਹਨ ਅਤੇ ਨਾ ਹੀ ਪਿੱਛੇ ਭੇਜ ਸਕਦੇ ਹਨ, ਕਿਉਂਕਿ ਇਹ (ਪ੍ਰਦੇਸ਼) ਕਾਂਗਰਸੀ ਆਗੂ ਦੇ ਪੂਰਵਜਾਂ ਦੀ ਰਿਆਸਤ ਨਹੀਂ ਹੈ। ਕੰਗਨਾ ਨੇ ਮੰਡੀ ਸੰਸਦੀ ਸੀਟ ਅਧੀਨ ਮਨਾਲੀ ਵਿਧਾਨ ਸਭਾ ਹਲਕੇ 'ਚ ਇਕ ਰੈਲੀ ਨੂੰ ਸੰਬੋਧਨ ਕਰਦੇ ਹੋਏ ਕਿਹਾ,"ਇਹ ਤੁਹਾਡੇ ਪਿਓ-ਦਾਦੇ ਦੀ ਰਿਆਸਤ ਨਹੀਂ ਹੈ ਕਿ ਤੁਸੀਂ ਮੈਨੂੰ ਧਮਕੀ ਦੇ ਕੇ ਵਾਪਸ ਭੇਜ ਦਿਓਗੇ।" ਉਸ ਨੇ ਕਿਹਾ ਕਿ ਇਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਨਵੀਂ ਯੋਜਨਾ ਹੈ। ਉਹ ਭਾਰਤ ਹੈ ਜਿੱਥੇ ਚਾਹ ਵੇਚਣ ਵਾਲਾ ਇਕ ਛੋਟਾ ਗਰੀਬ ਮੁੰਡਾ ਲੋਕਾਂ ਦਾ ਸਭ ਤੋਂ ਵੱਡਾ ਨਾਇਕ ਅਤੇ ਪ੍ਰਧਾਨ ਸੇਵਕ ਹੈ। ਹਿਮਾਚਲ ਦੇ ਲੋਕ ਨਿਰਮਾਣ ਮੰਤਰੀ ਵਿਕਰਮਾਦਿੱਤਿਆ ਸਿੰਘ ਨੇ ਸੋਮਵਾਰ ਨੂੰ ਕਿਹਾ



ਸੀ ਕਿ ਕੰਗਨਾ 'ਵਿਵਾਦਾਂ ਦੀ ਰਾਣੀ' ਹੈ ਅਤੇ ਸਮੇਂ-ਸਮੇਂ 'ਤੇ ਉਸ ਦੇ ਬਿਆਨਾਂ 'ਤੇ ਸਵਾਲ ਉਠਾਏ ਰਹਿਣਗੇ। ਸਿੰਘ ਸਾਬਕਾ ਮੁੱਖ ਮੰਤਰੀ ਮਰਹੂਮ ਵੀਰਭੱਦਰ ਸਿੰਘ ਅਤੇ ਸੂਬਾ ਕਾਂਗਰਸ ਪ੍ਰਧਾਨ ਪ੍ਰਤਿਭਾ ਸਿੰਘ ਦੇ ਪੁੱਤਰ ਹਨ। ਬੀਫ ਖਾਣ 'ਤੇ ਕੰਗਨਾ ਦੀਆਂ ਕਥਿਤ ਟਿੱਪਣੀਆਂ ਦਾ ਹਵਾਲਾ ਦਿੰਦੇ ਹੋਏ ਵਿਕਰਮਾਦਿੱਤਿਆ ਸਿੰਘ ਨੇ ਕਿਹਾ ਸੀ,"ਮੈਂ ਭਗਵਾਨ ਰਾਮ ਤੋਂ ਉਸ ਨੂੰ ਬੁੱਧੀ ਦੇਣ ਦੀ ਪ੍ਰਾਰਥਨਾ ਕਰਦਾ ਹਾਂ ਅਤੇ ਉਮੀਦ ਕਰਦਾ ਹਾਂ ਕਿ ਉਹ ਦੇਵਭੂਮੀ ਹਿਮਾਚਲ ਤੋਂ ਸੁੱਧ ਹੋ ਕੇ ਬਾਲੀਵੁੱਡ 'ਚ ਵਾਪਸ ਚਲੇ ਜਾਣ। ਉਹ ਚੋਣ ਨਹੀਂ ਜਿੱਤੇਗੀ, ਕਿਉਂਕਿ ਉਹ (ਕੰਗਨਾ) ਹਿਮਾਚਲ ਦੇ ਲੋਕਾਂ ਬਾਰੇ ਕੁਝ ਨਹੀਂ ਜਾਣਦੀ।" ਕਾਂਗਰਸ ਨੇਤਾਵਾਂ ਰਾਹੁਲ ਗਾਂਧੀ ਅਤੇ ਵਿਕਰਮਾਦਿੱਤਿਆ ਸਿੰਘ ਨੂੰ ਅਸਿੱਧੇ ਤੌਰ 'ਤੇ 'ਪੱਪੂ' ਕਰਾਰ ਦਿੰਦੇ ਹੋਏ ਕੰਗਨਾ ਨੇ ਕਿਹਾ ਕਿ ਦਿੱਲੀ ਇਕ 'ਵੱਡਾ ਪੱਪੂ' ਹੈ ਅਤੇ ਹਿਮਾਚਲ 'ਚ 'ਛੋਟਾ ਪੱਪੂ' ਹੈ, ਜੋ ਕਹਿੰਦਾ ਹੈ ਕਿ ਉਹ (ਕੰਗਨਾ) ਗਊ ਮਾਸ (ਬੀਫ) ਖਾਂਦੀ ਹੈ। ਅਦਾਕਾਰਾ ਨੇ ਪੁੱਛਿਆ ਕਿ ਉਹ (ਸਿੰਘ) ਉਨ੍ਹਾਂ ਦੇ ਬੀਫ ਖਾਣ ਦਾ ਸਬੂਤ ਕਿਉਂ ਨਹੀਂ ਦਿਖਾ ਰਹੇ ਹਨ। ਉਨ੍ਹਾਂ ਕਿਹਾ,"ਮੈਂ ਆਯੂਰਵੈਦਿਕ ਅਤੇ ਯੋਗਿਕ ਜੀਵਨ ਸ਼ੈਲੀ ਦੀ ਪਾਲਣਾ ਕਰਦੀ ਹਾਂ।

## ਕਰਨਾਟਕ: ਰਾਮੇਸ਼ਵਰ ਕੈਫੇ ਧਮਾਕਾ ਮਾਮਲੇ ਦੇ ਦੋਸ਼ੀਆਂ ਨੂੰ 10 ਦਿਨਾਂ ਦੀ ਹਿਰਾਸਤ 'ਚ ਭੇਜਿਆ ਗਿਆ

ਬੈਂਗਲੂਰੂ 13 ਅਪ੍ਰੈਲ। ਨੈਸਨਲ ਇਨਵੈਸਟੀਗੇਸਨ ਏਜੰਸੀ (ਐੱਨ.ਆਈ.ਏ.) ਦੀ ਵਿਸੇਸ ਅਦਾਲਤ ਨੇ ਸਨੀਵਾਰ ਨੂੰ ਬੈਂਗਲੁਰੂ ਰਾਮੇਸਵਰਮ ਕੈਫੇ ਧਮਾਕਾ ਮਾਮਲੇ ਦੇ ਦੋ ਦੋਸੀਆਂ ਨੂੰ ਰਾਸਟਰੀ ਏਜੰਸੀ ਦੀ 10 ਦਿਨਾਂ ਦੀ ਹਿਰਾਸਤ 'ਚ ਭੇਜ ਦਿੱਤਾ ਹੈ। ਮੁਸਾਵੀਰ ਹੁਸੈਨ ਸਾਜਿਬ ਅਤੇ ਅਬਦੁਲ ਮਾਤਿਨ ਅਹਿਮਦ ਤਾਹਾ ਨੂੰ ਅੱਜ ਰਾਸਟਰੀ ਜਾਂਚ ਏਜੰਸੀ ਦੀ ਵਿਸੇਸ ਅਦਾਲਤ ਦੇ ਜੱਜ ਸਾਹਮਣੇ ਪੇਸ ਕੀਤਾ ਗਿਆ। ਦੋਸੀਆਂ ਨੂੰ 1 ਮਾਰਚ ਨੂੰ ਇੱਥੇ ਰਾਮੇਸਵਰਮ ਕੈਫੇ ਧਮਾਕੇ, ਜਿਸ ਵਿਚ 10 ਲੋਕ ਜਖਮੀ ਹੋਏ ਸਨ, ਵਿਚ ਕਥਿਤ ਭੂਮਿਕਾ ਲਈ 'ਟਰਾਂਜਿ?ਟ ਰਿਮਾਂਡ' 'ਤੇ ਕੋਲਕਾਤਾ ਤੋਂ ਸੂਬੇ ਦੀ ਰਾਜਧਾਨੀ ਲਿਆਂਦਾ ਗਿਆ ਸੀ। ਐੱਨ.ਆਈ.ਏ. ਅਨੁਸਾਰ, ਸਾਜੀਬ ਨੇ ਕੈਫੇ ਵਿੱਚ ਇੱਕ ਇਮਪ੍ਰੋਵਾਈਜਡ ਐਕਸਪਲੋਸਿਵ ਡਿਵਾਈਸ (ਆਈ.ਈ.ਡੀ.) ਲਗਾਇਆ ਸੀ ਅਤੇ ਤਾਹਾ ਇਸ ਦਾ ਮਾਸਟਰਮਾਈਂਡ ਸੀ। ਪਿਛਲੇ ਮਹੀਨੇ ਐੱਨ.ਆਈ.ਏ. ਨੇ ਇਨ੍ਹਾਂ ਦੋਵਾਂ ਮੁਲਜਮਾਂ ਦੀ ਗ੍ਰਿਫਤਾਰੀ ਲਈ ਸੂਚਨਾ ਦੇਣ ਵਾਲੇ ਨੂੰ 10-10 ਲੱਖ ਰੁਪਏ ਦੇ ਇਨਾਮ ਦਾ ਐਲਾਨ ਕੀਤਾ ਸੀ।

## ਮੈਂ ਕਾਂਗਰਸ ਦਾ ਸਿਪਾਹੀ ਹਾਂ, ਆਖਰੀ ਸਾਹ ਪਾਰਟੀ ਦੇ ਨਾਲ ਰਹਾਂਗਾ : ਪੱਪੂ ਯਾਦਵ

ਪਟਨਾ, 13 ਅਪ੍ਰੈਲ। ਬਿਹਾਰ ਦੀ ਪੂਰਨੀਆ ਲੋਕ ਸਭਾ ਸੀਟ ਤੋਂ ਆਜਾਦ ਉਮੀਦਵਾਰ ਵਜੋਂ ਚੋਣ ਲੜ ਰਹੇ ਸਾਬਕਾ ਸੰਸਦ ਮੈਂਬਰ ਰਾਜੇਸ ਰੰਜਨ ਉਰਫ ਪੱਪੂ ਯਾਦਵ ਨੇ ਕਿਹਾ ਕਿ ਉਹ ਕਾਂਗਰਸ ਪਾਰਟੀ ਦੇ ਸਿਪਾਹੀ ਹਨ ਅਤੇ ਆਖਰੀ ਸਾਹ ਤੱਕ ਇਸ ਪਾਰਟੀ ਦੇ ਨਾਲ ਰਹਿਣਗੇ। ਉਨ੍ਹਾਂ ਨੇ ਹਾਲ ਹੀ 'ਚ 2015 'ਚ ਸਥਾਪਿਤ ਆਪਣੀ ਜਨ ਅਧਿਕਾਰ ਪਾਰਟੀ ਦਾ ਕਾਂਗਰਸ 'ਚ ਰਲੇਵਾਂ ਕਰ ਦਿੱਤਾ ਸੀ। ਯਾਦਵ ਨੂੰ ਪੂਰਨੀਆ ਸੀਟ 'ਤੇ ਜਨਤਾ ਦਲ ਯੂਨਾਈਟਿਡ (ਜਦ-ਯੂ) ਦੇ ਸੰਸਦ ਮੈਂਬਰ ਸੰਤੋਸ ਕੁਮਾਰ ਕੁਸਵਾਹਾ ਅਤੇ ਰਾਸਟਰੀ ਜਨਤਾ ਦਲ (ਆਰ. ਜੇ. ਡੀ.) ਦੀ ਉਮੀਦਵਾਰ ਬੀਮਾ ਭਾਰਤੀ ਨਾਲ ਤਿਕੋਣੇ ਮੁਕਾਬਲੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। 1990 ਦੇ ਦਹਾਕੇ 'ਚ ਆਜਾਦ ਉਮੀਦਵਾਰ ਵਜੋਂ 3 ਵਾਰ ਪੂਰਨੀਆ ਸੀਟ ਤੋਂ ਜਿੱਤਣ ਵਾਲੇ ਯਾਦਵ ਨੇ ਇਕ ਇੰਟਰਵਿਊ 'ਚ ਕਿਹਾ, "ਮੈਂ ਕਾਂਗਰਸ ਅਤੇ ਉਸ ਦੇ ਨੇਤਾਵਾਂ ਰਾਹੁਲ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਦਾ ਇਕ ਸਿਪਾਹੀ ਹਾਂ। ਮੈਂ ਆਪਣੇ ਆਖਰੀ ਸਾਹ ਤੱਕ (ਵਿਚਾਰਧਾਰਕ ਤੌਰ 'ਤੇ) ਕਾਂਗਰਸ ਪਾਰਟੀ ਦੇ ਨਾਲ ਰਹਾਂਗਾ। ਕਾਂਗਰਸ ਪਾਰਟੀ ਦੀ ਵਿਚਾਰਧਾਰਾ ਮੇਰੇ ਖੂਨ 'ਚ ਹੈ।" 'ਮਹਾਗੱਠਜੋੜ' ਦੀਆਂ ਭਾਈਵਾਲੀ



ਪਾਰਟੀਆਂ ਵਿਚਾਲੇ ਹੋਈ ਸੀਟ ਵੰਡ ਦੇ ਤਹਿਤ ਪੂਰਨੀਆ ਸੀਟ ਰਾਸਟਰੀ ਜਨਤਾ ਦਲ ਦੇ ਖਾਤੇ 'ਚ ਗਈ ਹੈ। ਇਸ ਦੇ ਮੱਦੇਨਜਰ ਕਾਂਗਰਸ ਨੇ ਕਥਿਤ ਤੌਰ 'ਤੇ ਪੱਪੂ ਯਾਦਵ ਨੂੰ ਇਸ ਸੀਟ ਤੋਂ ਨਾਮਜਦਗੀ ਵਾਪਸ ਲੈਣ ਦੀ ਸਲਾਹ ਦਿੱਤੀ ਸੀ ਪਰ ਉਹ ਪੂਰਨੀਆ ਤੋਂ ਹੀ ਚੋਣ ਲੜਨ 'ਤੇ ਅੜੇ ਹੋਏ ਹਨ।

## ਰਾਸ਼ਟਰਪਤੀ ਆਦਿਵਾਸੀ ਹਨ, ਇਸ ਲਈ ਨਹੀਂ ਬੁਲਾਇਆ ਰਾਮ ਮੰਦਰ ਪ੍ਰਾਣ ਪ੍ਰਤਿਸ਼ਠਾ ਸਮਾਰੋਹ 'ਚ : ਰਾਹੁਲ

ਜਗਦਲਪੁਰ 13 ਅਪ੍ਰੈਲ। ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਸਨੀਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਹਮਲਾ ਕਰਦੇ ਹੋਏ ਦੋਸ ਲਗਾਇਆ ਕਿ ਭਾਰਤ ਦੀ ਰਾਸਟਰਪਤੀ ਨੂੰ ਅਯੁੱਧਿਆ 'ਚ ਨਵੇਂ ਬਣੇ ਰਾਮ ਮੰਦਰ ਦੇ ਪ੍ਰਾਣ ਪ੍ਰਤਿਸ਼ਠਾ ਸਮਾਰੋਹ 'ਚ ਸਾਮਲ ਹੋਣ ਤੋਂ ਰੋਕਿਆ ਗਿਆ ਕਿਉਂਕਿ ਉਹ ਇਕ ਆਦਿਵਾਸੀ ਹਨ ਅਤੇ ਇਹ ਭਾਜਪਾ ਦੀ ਸੋਚ ਨੂੰ ਦਰਸਾਉਂਦਾ ਹੈ। ਛੱਤੀਸਗੜ੍ਹ ਦੇ ਬਸਤਰ ਜਿ?ਲੇ ਦੇ ਹੈੱਡਕੁਆਰਟਰ ਜਗਦਲਪੁਰ ਵਿਚ ਇਕ ਚੋਣ ਰੈਲੀ ਨੂੰ



ਸੰਬੋਧਨ ਕਰਦਿਆਂ ਗਾਂਧੀ ਨੇ ਆਗਾਮੀ ਲੋਕ ਸਭਾ ਚੋਣਾਂ ਨੂੰ 2 ਵਿਚਾਰਧਾਰਾਵਾਂ ਦੇ ਵਿਚਾਲੇ ਦੀ ਲੜਾਈ ਦੱਸਿਆ, ਜਿਸ ਵਿਚ ਸੰਵਿਧਾਨ ਦੀ ਰੱਖਿਆ ਕਰਨ ਵਾਲੇ ਅਤੇ ਇਸਨੂੰ ਨਸ਼ਟ ਕਰਨ ਵਾਲੇ ਲੋਕ ਸ਼ਾਮਲ ਹਨ। ਇਹ ਚੋਣ ਰੈਲੀ ਅਨੁਸੂਚਿਤ ਜਨਜਾਤੀ ਲਈ ਰਾਖਵੀਂ ਬਸਤਰ ਲੋਕ ਸਭਾ ਸੀਟ ਤੋਂ ਕਾਂਗਰਸ ਉਮੀਦਵਾਰ ਕਵਾਸੀ ਲਖਮਾ ਦੇ ਸਮਰਥਨ ਵਿਚ ਆਯੋਜਿਤ ਕੀਤੀ ਗਈ। ਗਾਂਧੀ ਨੇ ਕਿਹਾ ਕਿ ਮੋਦੀ ਜੀ ਨੇ ਆਦਿਵਾਸੀ ਸਬਦ ਨੂੰ ਬਦਲਣ ਦੀ ਕੋਸਿ?ਸ ਕੀਤੀ ਹੈ। ਅਸੀਂ ਤੁਹਾਨੂੰ ਆਦਿਵਾਸੀ ਕਹਿੰਦੇ ਹਾਂ, ਭਾਜਪਾ ਦੇ ਲੋਕ ਤੁਹਾਨੂੰ ਬਨਵਾਸੀ ਕਹਿੰਦੇ ਹਨ। ਬਨਵਾਸੀ 'ਚ ਅਤੇ ਆਦਿਵਾਸੀ ਵਿਚ ਜਮੀਨ-ਅਸਮਾਨ ਦਾ ਫਰਕ ਹੈ। ਆਦਿਵਾਸੀ ਦਾ ਮਤਲਬ ਉਹ ਵਰਗ ਜੋ ਇਸ ਜਮੀਨ ਦਾ, ਜਲ ਦਾ, ਜੰਗਲ ਦਾ ਪਹਿਲਾ ਅਤੇ ਅਸਲੀ ਮਾਲਕ ਹੈ। ਜੋ ਲੋਕ ਤੁਹਾਨੂੰ ਆਦਿਵਾਸੀ ਕਹਿੰਦੇ ਹਨ ਉਹ ਇਸ ਗੱਲ ਨੂੰ ਮੰਨਦੇ ਹਨ ਕਿ ਹਿੰਦੁਸਤਾਨ ਦੇ ਜਲ, ਜੰਗਲ, ਜਮੀਨ 'ਤੇ ਆਪਣਾ ਪਹਿਲਾ ਹੱਕ ਬਣਦਾ ਹੈ।



# ਨਸ਼ਾ ਵੇਚਣ ਵਾਲੇ 2 ਸਕੇ ਭਰਾ ਕਾਬੂ, 230 ਨਸੇ ਵਾਲੀਆਂ ਗੋਲੀਆਂ ਸਣੇ 20 ਮੋਬਾਇਲ ਤੇ ਮੋਟਰਸਾਈਕਲ ਬਰਾਮਦ

ਜਲੰਧਰ/ਆਦਮਪੁਰ 13 ਅਪ੍ਰੈਲ। ਥਾਣਾ ਆਦਮਪੁਰ ਦੀ ਪੁਲਸ ਨੇ ਨਸ਼ਾ ਵੇਚਣ ਵਾਲੇ 2 ਸਕੇ ਭਰਾਵਾਂ ਨੂੰ ਕਾਬੂ ਕਰਕੇ ਉਨ੍ਹਾਂ ਦੇ ਕਬਜੇ 'ਚੋਂ 28 ਨਸੇ ਵਾਲੇ ਟੀਕੇ, 230 ਨਸੇ ਵਾਲੀਆਂ ਗੋਲੀਆਂ, ਵੱਖ-ਵੱਖ ਕੰਪਨੀਆਂ ਦੇ 20 ਮੋਬਾਇਲ ਤੇ 1 ਡਿਸਕਵਰ ਮੋਟਰਸਾਈਕਲ ਬਰਾਮਦ ਕੀਤਾ ਹੈ। ਡੀ. ਐੱਸ. ਪੀ. ਆਦਮਪੁਰ ਸਰਬਜੀਤ ਰਾਏ ਨੇ ਦੱਸਿਆ ਕਿ ਐੱਸ. ਐੱਚ. ਓ. ਆਦਮਪੁਰ ਸਿਕੰਦਰ ਸਿੰਘ ਦੀ ਅਗਵਾਈ 'ਚ ਪੁਲਸ ਪਾਰਟੀ ਵੱਲੋਂ ਗਸਤ ਦੌਰਾਨ ਆਦਮਪੁਰ ਦੇ ਹਨੂਮਾਨ ਮੰਦਿਰ ਵਾਲੀ ਗਲੀ 'ਚ ਇਕ ਤੇਜ ਰਫਤਾਰ ਮੋਟਰਸਾਈਕਲ ਸਵਾਰ 2 ਨੌਜਵਾਨਾਂ ਨੂੰ ਚੈਕਿੰਗ ਲਈ ਰੋਕਿਆ ਗਿਆ ਤਾਂ ਉਨ੍ਹਾਂ ਹੱਥ 'ਚ ਫੜਿਆ ਲਿਫਾਫਾ ਸੁੱਟ ਕੇ ਭੱਜਣ ਦੀ ਕੋਸਿਸ ਕੀਤੀ ਪਰ ਐੱਸ. ਆਈ. ਉਮੇਸ ਕੁਮਾਰ ਆਪਣੇ



ਸਾਥੀਆਂ ਸਮੇਤ ਉਸ ਨੂੰ ਕਾਬੂ ਕਰਨ 'ਚ ਸਫਲ ਹੋ ਗਿਆ। ਇਨ੍ਹਾਂ ਦੀ ਪਛਾਣ ਰਜਿੰਦਰ ਸਿੰਘ ਦੋਵੇਂ ਪੁੱਤਰ ਮਨਿੰਦਰ ਸਿੰਘ ਤੇ ਜਗਤਜੀਤ ਸਿੰਘ ਵਾਸੀ ਆਦਮਪੁਰ ਜ਼ਿਲਾ ਜਲੰਧਰ ਵਜੋਂ ਹੋਈ ਹੈ। ਲਿਫਾਫਿਆਂ ਦੀ ਤਲਾਸੀ ਲੈਣ 'ਤੇ ਉਕਤ ਗੋਲੀਆਂ ਤੇ ਟੀਕੇ ਅਤੇ ਮੋਬਾਇਲ ਫੋਨ ਬਰਾਮਦ ਹੋਏ । ਪੁਲਸ ਵੱਲੋਂ ਮੁਲਜਮਾਂ ਕੋਲੋਂ ਬਰਾਮਦ ਕੀਤੇ ਮੋਟਰਸਾਈਕਲ ਦੀ ਵੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ। ਉਸ ਖ਼ਿਲਾਫ ਥਾਣਾ ਆਦਮਪੁਰ 'ਚ ਐੱਫ. ਆਈ. ਆਰ. ਨੰ. 43 ਦਰਜ ਕੀਤੀ ਗਈ ਹੈ। ਦੋਸ਼ੀਆਂ ਨੂੰ ਭਲਕੇ ਮਾਣਯੋਗ ਅਦਾਲਤ 'ਚ ਪੇਸ ਕਰ ਕੇ ਪੁਲਸ ਰਿਮਾਂਡ ਹਾਸਲ ਕੀਤਾ ਜਾਵੇਗਾ ਤੇ ਉਨ੍ਹਾਂ ਕੋਲੋਂ ਹੋਰ ਪੁੱਛਗਿੱਛ ਕੀਤੀ ਜਾਵੇਗੀ।

# ਸਰਕਾਰੀ ਸਕੂਲਾਂ 'ਚ ਘੱਟ ਇਨਰੋਲਮੈਂਟ ਨੂੰ ਲੈ ਕੇ ਸਰਕਾਰ ਸਖਤ

ਅੰਮ੍ਰਿਤਸਰ 13 ਅਪ੍ਰੈਲ। ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿਚ ਇਨਰੋਲਮੈਂਟ ਵਧਾਉਣ ਲਈ ਪੂਰੀ ਸਖ਼ਤੀ ਨਾਲ ਕੰਮ ਕੀਤਾ ਜਾ ਰਿਹਾ ਹੈ। ਸਰਕਾਰ ਵੱਲੋਂ ਇਨਰੋਲਮੈਂਟ ਘੱਟ ਕਰਵਾਉਣ ਵਾਲੇ ਅੰਮ੍ਰਿਤਸਰ ਦੇ 9 ਬਲਾਕ ਸਿੱਖਿਆ ਅਫਸਰਾਂ ਸਮੇਤ 40 ਅਧਿਕਾਰੀਆਂ ਨੂੰ ਸਖ਼ਤ ਤਾੜਨਾ ਨੋਟਿਸ ਜਾਰੀ ਕੀਤਾ ਹੈ। ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਜੇਕਰ ਅਧਿਕਾਰੀਆਂ ਦੇ ਜਵਾਬ ਤਸੱਲੀਬਖਸ਼ ਨਾ ਆਏ ਤਾਂ ਉਨ੍ਹਾਂ ਖਿਲਾਫ ਸਿਵਲ ਸੇਵਾਵਾਂ ਸਜਾ ਅਤੇ ਅਪੀਲ ਨਿਯਮ 1970 ਅਧੀਨ ਕਾਰਵਾਈ ਕੀਤੀ ਜਾਵੇਗੀ। ਸਰਕਾਰ ਦੇ ਇਨ੍ਹਾਂ ਹੁਕਮਾਂ ਤੋਂ ਬਾਅਦ ਅਧਿਕਾਰੀਆਂ ਵਿਚ ਬੇਚੈਨੀ ਦਾ ਮਾਹੌਲ ਪਾਇਆ ਜਾ ਰਿਹਾ ਹੈ ਅਤੇ ਕਈ ਜ਼ਿਲ੍ਹਿਆਂ ਵਿਚ ਅਧਿਕਾਰੀ ਹੁਣ ਤਾੜਨਾ ਨੋਟਿਸ ਜਾਰੀ ਹੋਣ ਤੋਂ ਬਾਅਦ ਇਨਰੋਲਮੈਂਟ ਵਧਾਉਣ ਦੇ ਲਈ ਯਤਨ ਕਰ ਰਹੇ ਹਨ। ਜਾਣਕਾਰੀ ਅਨੁਸਾਰ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਵਧਾਉਣ ਲਈ ਪੂਰੀ ਗੰਭੀਰਤਾ ਨਾਲ ਕੰਮ ਕੀਤਾ ਜਾ ਰਿਹਾ ਹੈ। ਵਿਭਾਗ ਦੇ ਮੰਤਰੀ ਸਮੇਤ ਵੱਖ-ਵੱਖ ਅਧਿਕਾਰੀਆਂ ਵੱਲੋਂ ਸਕੂਲਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਵਧਾਉਣ ਲਈ ਅਧਿਆਪਕਾਂ ਨੂੰ ਸਕੂਲਾਂ ਤੋਂ ਬਾਹਰ ਵਿਦਿਆਰਥੀਆਂ ਦੇ ਘਰਾਂ ਵਿਚ ਭੇਜਣ ਦੀ ਵਿਸ਼ੇਸ ਮੁਹਿੰਮ ਵੀ ਸ਼ੁਰੂ ਕੀਤੀ ਗਈ ਹੈ ਜਿਸ ਸਰਕਾਰ ਦਾਖਲਾ ਮੁਹਿੰਮ ਵਧਾਉਣ ਲਈ ਯਤਨਸੀਲ ਹੋ ਕੇ ਕੰਮ ਕਰ ਰਹੀ ਹੈ। ਸਰਕਾਰ ਵੱਲੋਂ ਜਾਰੀ ਪੱਤਰ ਅਨੁਸਾਰ ਕਿਹਾ ਗਿਆ ਹੈ ਕਿ ਸਕੂਲ ਸਿੱਖਿਆ ਵਿਭਾਗ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ ਬੱਚਿਆਂ ਦੀ ਇਨਰੋਲਮੈਂਟ ਵਧਾਉਣ ਲਈ ਯਤਨ ਕੀਤੇ ਜਾ ਰਹੇ ਹਨ ਪਰ ਸਰਕਾਰ ਦੇ ਧਿਆਨ ਵਿਚ ਆਇਆ ਹੈ ਕਿ 4 ਮਾਰਚ ਤੱਕ ਪ੍ਰੀ-ਪ੍ਰਾਇਮਰੀ ਸੈਕਸ਼ਨ ਵਿਚ ਬੱਚਿਆਂ ਦੀ ਇਨਰੋਲਮੈਂਟ 20 ਜਾਂ ਇਸ ਤੋਂ ਘੱਟ ਹੈ ਸਰਕਾਰ ਵੱਲੋਂ ਇਸ ਗੱਲ ਦਾ ਗੰਭੀਰ ਨੋਟਿਸ ਲਿਆ ਗਿਆ ਹੈ। ਇਸ ਲਈ ਕਿਉਂ ਨਾ ਆਪ ਵਿਰੁੱਧ ਸਿਵਲ ਸੇਵਾਵਾਂ ਅਧੀਨ ਕਾਰਵਾਈ ਆਰੰਭੀ ਜਾਵੇ ਸਰਕਾਰ ਵੱਲੋਂ ਜਾਰੀ ਪੱਤਰ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਅਧਿਕਾਰੀਆਂ ਵੱਲੋਂ ਇਕ ਹਫਤੇ ਦੇ ਅੰਦਰ-ਅੰਦਰ ਜਵਾਬ ਨਾ ਦਿੱਤਾ ਗਿਆ ਤਾਂ ਸਿਵਲ ਸੇਵਾਵਾਂ ਤਹਿਤ ਇਕਤਰਫ਼ਾ ਕਾਰਵਾਈ ਅਰੰਭੀ ਜਾਵੇਗੀ। ਸਰਕਾਰ ਵੱਲੋਂ ਇਹ ਪੱਤਰ 16 ਮਾਰਚ ਨੂੰ ਜਾਰੀ ਕੀਤਾ




ਗਿਆ ਅਤੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਸਬੰਧਤ ਅਧਿਕਾਰੀਆਂ ਨੂੰ ਇਸ ਸਬੰਧੀ ਜਾਣੂੰ ਕਰਵਾ ਦਿੱਤਾ ਗਿਆ ਹੈ। ਦੂਸਰੇ ਪਾਸੇ ਸਰਕਾਰ ਵੱਲੋਂ ਪੱਤਰ ਜਾਰੀ ਹੋਣ ਉਪਰੰਤ ਅਧਿਕਾਰੀ ਹੁਣ ਦਿਨ ਰਾਤ ਇਕ ਕਰ ਕੇ ਇਨਰੋਲਮੈਂਟ ਵਧਾਉਣ ਲਈ ਕੰਮ ਕਰ ਰਹੇ ਹਨ ਅਤੇ ਪੱਤਰ ਤੋਂ ਬਾਅਦ ਕਈ ਜ਼ਿਲ੍ਹਿਆਂ ਵਿਚ ਇਨਰੋਲਮੈਂਟ ਵੀ ਵੱਧ ਗਈ ਹੈ। ਅੰਮ੍ਰਿਤਸਰ ਦੇ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਰਾਜੇਸ ਸਰਮਾ ਨੇ ਦੱਸਿਆ ਕਿ ਸਰਕਾਰ ਵੱਲੋਂ ਜਾਰੀ ਪੱਤਰ ਸਬੰਧਤ ਬਲਾਕ ਸਿੱਖਿਆ ਅਫਸਰਾਂ ਨੂੰ ਜਾਣੂੰ ਕਰਵਾ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਉਹ ਖੁਦ ਇਨਰੋਲਮੈਂਟ ਵਧਾਉਣ ਲਈ ਸਾਰੀ ਟੀਮ ਨੂੰ ਨਾਲ ਲੈ ਕੇ ਦਿਨ-ਰਾਤ ਕੰਮ ਕਰ ਰਹੇ ਹਨ ਅਤੇ ਜ਼ਿਲ੍ਹੇ ਵਿਚ ਇਨਰੋਲਮੈਂਟ ਕਾਫੀ ਵੱਧ ਗਈ ਹੈ। ਅੰਮ੍ਰਿਤਸਰ- ਬਲਾਕ ਪ੍ਰਾਇਮਰੀ ਅਫਸਰ, ਅਜਨਾਲਾ-2, ਰਾਹੀਂ ਜ਼ਿਲ੍ਹਾ ਸਿੱਖਿਆ ਅਫਸਰ, ਬਲਾਕ ਪ੍ਰਾਇਮਰੀ ਅਫਸਰ, ਮਜੀਠਾ-2 ਰਾਹੀਂ ਜ਼ਿਲ੍ਹਾ ਸਿੱਖਿਆ ਅਫਸਰ, ਦਿਲਬਾਗ ਸਿੰਘ, ਬਲਾਕ ਪ੍ਰਾਇਮਰੀ ਅਫਸਰ ਰਈਆ-2 (ਵਾਧੂ ਚਾਰਜ), ਬਲਾਕ ਪ੍ਰਾਇਮਰੀ ਅਫਸਰ, ਅਜਨਾਲਾ-1, ਰਾਹੀਂ ਜ਼ਿਲ੍ਹਾ ਸਿੱਖਿਆ ਅਫਸਰ, ਮਨਜਿੰਦਰ ਸਿੰਘ, ਬਲਾਕ ਪ੍ਰਾਇਮਰੀ ਅਫਸਰ, ਚੋਗਾਵਾਂ-1 (ਵਾਧੂ ਚਾਰਜ), ਬਲਾਕ ਪ੍ਰਾਇਮਰੀ ਅਫਸਰ, ਚੋਗਾਵਾਂ-2 ਰਾਹੀਂ ਜ਼ਿਲ੍ਹਾ ਸਿੱਖਿਆ ਅਫਸਰ (ਐ. ਸਿ.), ਪਰਮਜੀਤ ਕੌਰ, ਬਲਾਕ ਪ੍ਰਾਇਮਰੀ ਅਫਸਰ (ਵਾਧੂ ਚਾਰਜ), ਅੰਮ੍ਰਿਤਸਰ-4, ਬਲਾਕ ਪ੍ਰਾਇਮਰੀ ਅਫਸਰ, ਤਰਸਿੱਕਾ ਰਾਹੀਂ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.), ਗੁਰਦੇਵ ਸਿੰਘ ਬਲਾਕ ਪ੍ਰਾਇਮਰੀ ਅਫਸਰ, ਅੰਮ੍ਰਿਤਸਰ-1 ਫਤਿਹਗੜ੍ਹ ਚੂੜੀਆਂ- ਬਲਬੀਰ ਕੌਰ ਬਲਾਕ ਪ੍ਰਾਇਮਰੀ ਅਫਸਰ, ਜਖਵਾਲੀ, ਬਲਬੀਰ ਕੌਰ, ਬਲਾਕ ਪ੍ਰਾਇਮਰੀ ਅਫਸਰ, ਫਤਿਹਗੜ੍ਹ ਸਾਹਿਬ (ਵਾਧੂ ਚਾਰਜ), ਸੁਖਵਿੰਦਰ ਕੌਰ, ਬਲਾਕ ਪ੍ਰਾਇਮਰੀ ਅਫਸਰ, ਬੱਸੀਪਠਾਣਾ, ਹਰਬੰਸ ਸਿੰਘ, ਬਲਾਕ ਪ੍ਰਾਇਮਰੀ ਅਫਸਰ, ਤਰਖਾਣਮਾਜਰਾ, ਅੰਛਰਪਾਲ ਸਰਮਾ, ਬਲਾਕ ਪ੍ਰਾਇਮਰੀ ਅਫਸਰ, ਅਮਲੋਹ। ਤਰਨਤਾਰਨ- ਦਿਲਬਾਗ ਸਿੰਘ, ਬਲਾਕ ਪ੍ਰਾਇਮਰੀ ਅਫਸਰ, ਖਡੂਰ ਸਾਹਿਬ, ਹਰਜਿੰਦਰ ਪ੍ਰੀਤ ਸਿੰਘ, ਬਲਾਕ ਪ੍ਰਾਇਮਰੀ ਅਫਸਰ, ਨੂਰਦੀ, ਹਰਜਿੰਦਰ ਪ੍ਰੀਤ ਸਿੰਘ, ਬਲਾਕ ਪ੍ਰਾਇਮਰੀ ਅਫਸਰ, ਤਰਨਤਾਰਨ ਪਰਾਪਰ ਤਰਨਤਾਰਨ (ਵਾਧੂ ਚਾਰਜ), ਜਸਵਿੰਦਰ ਸਿੰਘ, ਬਲਾਕ ਪ੍ਰਾਇਮਰੀ ਅਫਸਰ, ਚੋਹਲਾ ਸਾਹਿਬ। ਪਟਿਆਲਾ- ਗੁਰਪ੍ਰੀਤ ਸਿੰਘ, ਬਲਾਕ ਪ੍ਰਾਇਮਰੀ ਅਫਸਰ, ਸਮਾਣਾ-3, ਧਰਮਿੰਦਰ ਸਿੰਘ, ਬਲਾਕ ਪ੍ਰਾਇਮਰੀ ਅਫਸਰ, ਘਨੌਰ, ਜਸਵਿੰਦਰ ਸਿੰਘ, ਬਲਾਕ ਪ੍ਰਾਇਮਰੀ ਅਫਸਰ,ਦੀਨਾਨਗਰ-1 (ਵਾਧੂ ਚਾਰਜ), ਗੁਰਦਾਸਪੁਰ। ਹੁਸ਼ਿਆਰਪੁਰ- ਚਰਨਜੀਤ, ਬਲਾਕ ਪ੍ਰਾਇਮਰੀ ਅਫਸਰ, ਮਾਹਿਲਪੁਰ-2, (ਵਾਧੂ ਚਾਰਜ) ਹੁਸਿਆਰਪੁਰ, ਚਰਨਜੀਤ, ਬਲਾਕ ਪ੍ਰਾਇਮਰੀ ਅਫਸਰ, ਕੋਟਫਤੂਹੀ, (ਵਾਧੂ ਚਾਰਜ), ਹੁਸ਼ਿਆਰਪੁਰ। ਲੁਧਿਆਣਾ- ਰਮਨਜੀਤ ਸਿੰਘ, ਬਲਾਕ ਪ੍ਰਾਇਮਰੀ ਅਫਸਰ, ਜਗਰਾਓਂ (ਵਾਧੂ ਚਾਰਜ), ਲੁਧਿਆਣਾ, ਇਤਬਾਰ ਸਿੰਘ, ਬਲਾਕ ਪ੍ਰਾਇਮਰੀ ਅਫਸਰ, ਸਿੱਧਵਾਂ ਬੇਟ-1 (ਵਾਧੂ ਚਾਰਜ), ਲੁਧਿਆਣਾ, ਇੰਦੂ ਸੂਦ, ਬਲਾਕ ਪ੍ਰਾਇਮਰੀ ਅਫਸਰ, ਮਾਛੀਵਾੜਾ-2 (ਵਾਧੂ ਚਾਰਜ), ਲੁਧਿਆਣਾ। ਜਲੰਧਰ- ਰੋਸਨ ਲਾਲ, ਬਲਾਕ ਪ੍ਰਾਇਮਰੀ ਅਫਸਰ, ਈਸਟ-1, ਜਲੰਧਰ, ਅਵਤਾਰ ਸਿੰਘ, ਬਲਾਕ ਪ੍ਰਾਇਮਰੀ ਅਫਸਰ, ਭੋਗਪੁਰ, ਜਲੰਧਰ। ਰੂਪਨਗਰ- ਬਲਾਕ ਪ੍ਰਾਇਮਰੀ ਅਫਸਰ, ਰੋਪੜ-2, ਰਾਹੀਂ ਜ਼ਿਲਾ ਸਿੰਘ ਅਫਸਰ (ਐ. ਸਿ.), ਰੂਪਨਗਰ, ਬਲਾਕ ਪ੍ਰਾਇਮਰੀ ਅਫਸਰ, ਤਖਤਗੜ੍ਹ, ਰਾਹੀਂ ਜ਼ਿਲਾ ਸਿੰਘ ਅਫਸਰ (ਐ.ਸਿ.), ਰੂਪਨਗਰ, ਬਲਾਕ ਪ੍ਰਾਇਮਰੀ ਅਫਸਰ, ਮੋਰਿੰਡਾ, ਰਾਹੀ ਜ਼ਿਲਾ ਸਿੰਘ ਅਫਸਰ (ਐ.ਸਿ.), ਰੂਪਨਗਰ, ਬਲਾਕ ਪ੍ਰਾਇਮਰੀ ਅਫਸਰ, ਮੀਆਂਪੁਰ ਰਾਹੀਂ ਜ਼ਿਲ੍ਹਾ ਸਿੱਖਿਆ ਅਫਸਰ, ਰੂਪਨਗਰ, ਬਲਾਕ ਪ੍ਰਾਇਮਰੀ ਅਫਸਰ, ਸਲੋਰਾ ਰਾਹੀਂ ਜ਼ਿਲ੍ਹਾ ਸਿੱਖਿਆ ਅਫਸਰ, ਰੂਪਨਗਰ।

# ਸਹੁਰਿਆਂ ਦੇ ਲੱਖਾਂ ਰੁਪਏ ਖਰਚਾ ਕੈਨੇਡਾ ਪੁੱਜੀ ਕੁੜੀ ਨੇ ਚਾੜ੍ਹਿਆ ਚੰਨ, ਹੈਰਾਨ ਕਰ ਦੇਵੇਗਾ ਪੂਰਾ ਮਾਮਲਾ

ਜੋਧਾਂ 13 ਅਪ੍ਰੈਲ। ਸਹੁਰਿਆਂ ਦਾ ਲੱਖਾਂ ਰੁਪਿਆ ਖਰਚ ਕਰਵਾ ਕੇ ਕੁੜੀ ਕੈਨੇਡਾ ਪਹੁੰਚ ਗਈ। ਜਦੋਂ ਪਤੀ ਨੂੰ ਬੁਲਾਉਣ ਦੀ ਵਾਰੀ ਆਈ ਤਾਂ ਉਸ ਨੇ ਪਤੀ ਨਾਲੋਂ ਨਾਤਾ ਹੀ ਤੋੜ ਦਿੱਤਾ। ਇਸ ਮਾਮਲੇ ਸਬੰਧੀ ਕੁੜੀ ਦੇ ਸਹੁਰੇ ਨਿਰਮਲ ਸਿੰਘ ਪੁੱਤਰ ਜੀਤ ਸਿੰਘ ਵਾਸੀ ਅਮਨ ਪਾਰਕ ਨਿਊ ਰਾਜਗੁਰੂ ਨਗਰ ਲੁਧਿਆਣਾ ਵਲੋਂ ਪੁਲਸ ਨੂੰ ਸ਼ਿਕਾਇਤ ਦਿੱਤੀ ਗਈ। ਪੁਲਸ ਨੇ ਕਾਰਵਾਈ ਕਰਦੇ ਹੋਏ ਵਿਆਹ ਵਾਲੀ ਕੁੜੀ, ਉਸ ਦੇ ਪਿਤਾ ਅਤੇ 2 ਹੋਰ ਮੋਹਤਬਰ ਵਿਅਕਤੀਆਂ ਖ਼ਿਲਾਫ ਪੁਲਸ ਥਾਣਾ ਜੋਧਾਂ ਵਿਖੇ ਮੁਕੱਦਮਾ ਦਰਜ ਕਰ ਲਿਆ ਹੈ। ਜਾਂਚ ਅਫਸਰ ਰਾਜਿੰਦਰ ਸਿੰਘ ਅਨੁਸਾਰ ਗੁਰਬਾਜ ਸਿੰਘ ਪੁਲਸ ਕਪਤਾਨ (ਸਥਾਨਕ) ਲੁਧਿਆਣਾ ਦਿਹਾਤੀ ਵਲੋਂ ਸ਼ਿਕਾਇਤ ਦੀ ਜਾਂਚ ਦੌਰਾਨ ਦੋਸ਼ਾਂ ਦੀ ਪੁਸ਼ਟੀ ਹੋਣ 'ਤੇ ਮੁਕੱਦਮਾ ਦਰਜ ਕਰ ਕੇ ਅਗਲੀ ਕਾਰਵਾਈ ਆਰੰਭ ਕਰ ਦਿੱਤੀ ਗਈ ਹੈ। ਪੁਲਸ ਕਾਰਵਾਈ ਲਈ ਦਿੱਤੀ ਦਰਖਾਸਤ 'ਚ ਨਿਰਮਲ ਸਿੰਘ ਨੇ ਦੱਸਿਆ ਕਿ ਉਸ ਦੇ ਪੁੱਤਰ ਗੁਰਸੇਵਕ ਪਾਲ ਸਿੰਘ ਦਾ ਵਿਆਹ ਲਖਬੀਰ ਕੌਰ ਪੁੱਤਰੀ ਸੂਬਾ ਸਿੰਘ ਵਾਸੀ ਰੰਗੂਵਾਲ ਨਾਲ ਹੋਇਆ ਸੀ। ਸਾਡੇ ਪਰਿਵਾਰ ਵਲੋਂ ਕੁੜੀ ਨੂੰ ਕੈਨੇਡਾ ਭੇਜਣ ਦਾ ਸਾਰਾ ਖਰਚਾ ਕਰਨ ਦੇ ਬਾਵਜੂਦ ਉਸ ਵਲੋਂ ਆਪਣੇ ਪਤੀ ਗੁਰਸੇਵਕ ਪਾਲ ਸਿੰਘ ਨੂੰ ਕੈਨੇਡਾ ਨਹੀਂ ਬੁਲਾਇਆ ਗਿਆ। ਕੁੜੀ ਨੇ ਆਪਣੇ ਪਿਤਾ ਅਤੇ ਪਿੰਡ ਦੇ 2 ਹੋਰ ਵਿਅਕਤੀਆਂ ਨਾਲ ਮਿਲ ਕੇ ਪੀ. ਸੀ. ਸੀ. ਵੀ ਸਹੁਰੇ ਘਰ ਦੀ ਥਾਂ ਆਪਣੇ ਪਿੰਡ ਤੋਂ ਕਰਵਾ ਲਈ। ਨਿਰਮਲ ਸਿੰਘ ਦਾ ਕਹਿਣਾ ਹੈ ਕਿ ਲਖਬੀਰ ਕੌਰ ਨੇ ਵਿਆਹੁਤਾ ਹੋਣ ਦੇ ਬਾਵਜੂਦ ਇਕੱਲੇ ਤੌਰ 'ਤੇ ਕੈਨੇਡਾ ਦੀ ਪੀ. ਆਰ. ਪ੍ਰਾਪਤ ਕਰਨ ਲਈ ਝੂਠੀ ਜਾਣਕਾਰੀ ਪੁਲਸ ਮਹਿਕਮੇ ਨੂੰ ਦਿੱਤੀ। ਇਸ ਤਹਿਤ ਕੁੜੀ ਲਖਬੀਰ ਕੌਰ, ਪਿਤਾ ਸੂਬਾ ਸਿੰਘ, ਪੰਚ ਬਖਸ਼ੀਸ਼ ਸਿੰਘ ਅਤੇ ਜਗਦੇਵ ਸਿੰਘ ਖ਼ਿਲਾਫ ਪੁਲਸ ਥਾਣਾ ਜੋਧਾਂ ਵਿਖੇ ਮੁਕੱਦਮਾ ਦਰਜ ਕਰ ਕੇ ਅਗਲੀ ਕਾਰਵਾਈ ਆਰੰਭੀ ਹੈ।

# ਭਵਾਨੀਗੜ੍ਹ 'ਚ ਮਦਦ ਕਰਨ ਦੇ ਬਹਾਨੇ ਠੱਗ ਨੇ ਬਦਲਿਆ ਏ.ਟੀ.ਐਮ ਕਾਰਡ, ਮਿੰਟਾਂ 'ਚ ਕਢਵਾਏ 74 ਹਜਾਰ ਰੁਪਏ

ਭਵਾਨੀਗੜ੍ਹ 13 ਅਪ੍ਰੈਲ। ਨੇੜਲੇ ਪਿੰਡ ਫੱਗੂਵਾਲਾ ਦੇ ਇਕ ਵਿਅਕਤੀ ਦਾ ਧੋਖੇ ਨਾਲ ਏ. ਟੀ. ਐੱਮ ਬਦਲ ਕੇ ਉਸ ਦੇ ਖਾਤੇ 'ਚੋਂ 74 ਹਜਾਰ ਰੁਪਏ ਦੀ ਨਗਦੀ ਕਢਵਾਉਣ ਦੇ ਦੋਸ਼ ਹੇਠ ਪੁਲਸ ਵੱਲੋਂ ਇਕ ਨੌਸ਼ਰਬਾਜ਼ ਵਿਰੁੱਧ ਧੋਖਾਧੜੀ ਦਾ ਮਾਮਲਾ ਦਰਜ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ। ਪ੍ਰਾਪਤ ਜਾਣਕਾਰੀ ਅਨੁਸਾਰ ਤਾਰਾ ਸਿੰਘ ਪੁੱਤਰ ਹਰਦਿੱਤ ਸਿੰਘ ਵਾਸੀ ਪਿੰਡ ਫੱਗੂਵਾਲਾ ਨੇ ਪੁਲਸ ਨੂੰ ਕੀਤੀ ਸ਼ਿਕਾਇਤ 'ਚ ਦੱਸਿਆ ਕਿ ਲੰਘੀ 21 ਮਾਰਚ ਨੂੰ ਜਦੋਂ ਉਹ ਐੱਸ. ਬੀ. ਆਈ ਦੇ ਏ .ਟੀ. ਐੱਮ 'ਚੋਂ ਪੈਸੇ ਕਢਵਾਉਣ ਗਿਆ ਤਾਂ ਉੱਥੇ ਪਹਿਲਾਂ ਤੋਂ ਮੌਜੂਦ ਇਕ ਵਿਅਕਤੀ ਨੇ ਉਸ ਨੂੰ ਕਿਹਾ ਕਿ ਤੁਸੀਂ ਪਹਿਲਾਂ ਪੈਸੇ ਕਢਵਾ ਲਵੋ।




ਜਿਸ 'ਤੇ ਉਸ ਨੇ ਪੈਸੇ ਕਢਵਾਉਣ ਲਈ ਆਪਣੇ ਏ. ਟੀ. ਐੱਮ ਦੀ ਵਰਤੋਂ ਕੀਤੀ ਪਰ ਮਸ਼ੀਨ 'ਚੋਂ ਪੈਸੇ ਨਹੀਂ ਨਿਕਲੇ। ਸ਼ਿਕਾਇਤ ਕਰਤਾ ਨੇ ਦੱਸਿਆ ਕਿ ਇਸ ਦੌਰਾਨ ਉਕਤ ਵਿਅਕਤੀ ਨੇ ਮੇਰੀ ਮੱਦਦ ਕਰਨ ਦੇ ਬਹਾਨੇ ਮੇਰਾ ਏ.ਟੀ.ਐਮ ਕਾਰਡ ਫੜ ਲਿਆ ਤੇ ਏ.ਟੀ.ਐਮ ਮਸ਼ੀਨ 'ਚ ਕਾਰਡ ਸਵਾਇਪ ਕਰਕੇ ਬਾਹਰ ਚਲਾ ਗਿਆ। ਜਦੋਂ ਮੈਂ ਏ.ਟੀ.ਐਮ ਮਸ਼ੀਨ 'ਚ ਆਪਣਾ ਪਿੰਨ ਕੋਡ ਭਰਿਆ ਤਾਂ ਉਹ ਗਲਤ ਆ ਰਿਹਾ। ਤਾਰਾ ਸਿੰਘ ਨੇ ਦੱਸਿਆ ਕਿ ਇਸ ਤੋਂ ਕੁਝ ਸਮੇਂ ਬਾਅਦ ਮੇਰੇ ਖਾਤੇ 'ਚੋਂ ਵੱਖ-ਵੱਖ ਟਰਾਜੈਕਸ਼ਨਾ ਰਾਹੀਂ 74 ਹਜਾਰ ਰੁਪਏ ਦੀ ਰਾਸ਼ੀ ਨਿਕਲ ਗਈ। ਜਿਸ ਤੋਂ ਬਾਅਦ ਮੈਨੂੰ ਪਤਾ ਚੱਲਿਆ ਕਿ ਉਕਤ ਵਿਅਕਤੀ ਨੇ ਮੇਰੀ ਮਦਦ ਕਰਨ ਦੇ ਬਹਾਨੇ ਧੋਖੇ ਨਾਲ ਮੇਰਾ ਏ. ਟੀ. ਐੱਮ ਕਾਰਡ ਬਦਲੀ ਕਰ ਦਿੱਤਾ ਤੇ ਉਕਤ ਨੌਸ਼ਰਬਾਜ਼ ਨੇ ਫਿਰ ਮੇਰੇ ਖਾਤੇ 'ਚੋਂ 74 ਹਜਾਰ ਰੁਪਏ ਦੀ ਰਾਸ਼ੀ ਕਢਵਾ ਕੇ ਮੇਰੇ ਨਾਲ ਠੱਗੀ ਮਾਰੀ ਹੈ। ਪੁਲਸ ਨੇ ਤਾਰਾ ਸਿੰਘ ਦੀ ਸ਼ਿਕਾਇਤ 'ਤੇ ਹਰਬੰਸ ਸਿੰਘ ਨਾਕਮ ਇਕ ਵਿਅਕਤੀ ਵਿਰੁੱਧ ਧੋਖਾਧੜੀ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

# ਪੁਲਸ ਨੇ ਸ਼ੱਕ ਦੇ ਆਧਾਰ 'ਤੇ ਰੋਕੀ ਤੂੜੀ ਵਾਲੀ ਟਰਾਲੀ, ਜਦੋਂ ਤਲਾਸ਼ੀ ਲਈ ਤਾਂ ਉੱਡੇ ਹੋਸ਼

ਚੰਡੀਗੜ੍ਹ/ਫਾਜਿਲਕਾ 13 ਅਪ੍ਰੈਲ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸਾ-ਨਿਰਦੇਸਾਂ 'ਤੇ ਨਸ਼ਿਆਂ ਵਿਰੁੱਧ ਵਿੱਢੀ ਜੰਗ ਤਹਿਤ ਪੰਜਾਬ ਪੁਲਸ ਦੇ ਸਟੇਟ ਸਪੈਸਲ ਆਪ੍ਰੇਸਨ ਸੈੱਲ (ਐੱਸ.ਐੱਸ.ਓ.ਸੀ.) ਫਾਜ਼ਿਲਕਾ ਨੇ ਨਸਾ ਤਸਕਰੀ ਦੀ ਵੱਡੀ ਕੋਸ਼ਿਸ ਨੂੰ ਨਾਕਾਮ ਕਰਦਿਆਂ ਇਕ ਤਸਕਰ ਨੂੰ 15 ਕਿੱਲੋ ਹੈਰੋਇਨ (10 ਪੈਕੇਟ), ਜੋ ਤੂੜੀ ਨਾਲ ਭਰੀ ਟਰੈਕਟਰ-ਟਰਾਲੀ ਵਿਚ ਲੁਕਾ ਕੇ ਰੱਖੀ ਹੋਈ ਸੀ, ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਦਿੰਦਿਆਂ ਡਾਇਰੈਕਟਰ ਜਨਰਲ ਆਫ ਪੁਲਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦੱਸਿਆ ਕਿ ਫੜੇ ਗਏ ਨਸਾ ਤਸਕਰ ਦੀ ਪਛਾਣ ਪ੍ਰੀਤਮ ਸਿੰਘ ਵਾਸੀ ਪਿੰਡ ਮੋਹਾਰ ਜਮਸੇਰ, ਜ਼ਿਲ੍ਹਾ ਫਾਜ਼ਿਲਕਾ ਵਜੋਂ ਹੋਈ ਹੈ। ਹੈਰੋਇਨ ਬਰਾਮਦ ਕਰਨ ਤੋਂ ਇਲਾਵਾ ਪੁਲਸ ਟੀਮਾਂ ਨੇ ਉਸਦਾ ਸੋਨਾਲੀਕਾ ਟਰੈਕਟਰ (ਪੀ.ਬੀ.-11-ਵਾਈ-6879) ਅਤੇ ਟਰਾਲੀ ਵੀ ਜਬਤ ਕਰ ਲਈ ਹੈ। ਜ਼ਿਕਰਯੋਗ ਹੈ ਕਿ ਐੱਸ. ਐੱਸ. ਓ. ਸੀ. ਫਾਜ਼ਿਲਕਾ ਵੱਲੋਂ ਪਿਛਲੇ 45 ਦਿਨਾਂ ਵਿਚ ਕੀਤੀ ਗਈ ਇਹ ਪੰਜਵੀਂ ਵੱਡੀ ਹੈਰੋਇਨ ਬਰਾਮਦਗੀ ਹੈ, ਜਿਸ ਨਾਲ ਹੁਣ ਤੱਕ ਦੀ ਕੁੱਲ ਰਿਕਵਰੀ 145 ਕਿੱਲੋਗ੍ਰਾਮ ਹੋ ਗਈ ਹੈ। ਡੀ. ਜੀ. ਪੀ. ਗੌਰਵ ਯਾਦਵ ਨੇ ਦੱਸਿਆ ਕਿ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਐੱਸ. ਐੱਸ. ਓ. ਸੀ. ਫਾਜ਼ਿਲਕਾ ਨੇ ਪਿੰਡ ਢਾਣੀ ਖਰਾਸ ਵਾਲੀ ਦੇ ਖੇਤਰ ਵਿਚ ਸਰਹੱਦ ਪਾਰੋਂ ਨਸੀਲੇ ਪਦਾਰਥਾਂ ਦੀ ਤਸਕਰੀ ਵਾਲੇ ਨੈਟਵਰਕ ਖ਼ਿਲਾਫ ਇਕ ਵਿਸੇਸ ਗੁਪਤ ਆਪਰੇਸ਼ਨ ਚਲਾ ਕੇ ਨਸਾ ਤਸਕਰ ਪ੍ਰੀਤਮ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ, ਜੋ ਤੂੜੀ ਨਾਲ ਭਰੀ ਟਰਾਲੀ ਵਿਚ ਲੁਕਾ ਕੇ ਰੱਖੀ ਹੈਰੋਇਨ ਦੀ ਖੇਪ ਪਹੁੰਚਾਉਣ ਜਾ ਰਿਹਾ ਸੀ। ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਨਸਾ ਤਸਕਰ ਆਪਣੀ ਪਤਨੀ ਕੁਸੱਲਿਆ ਬਾਈ ਅਤੇ ਜਵਾਈ ਗੁਰਮੀਤ ਸਿੰਘ ਜੋ ਪਿੰਡ ਢਾਣੀ ਖਰਾਸ ਵਾਲੀ, ਫਾਜ਼ਿਲਕਾ ਦਾ ਰਹਿਣ ਵਾਲਾ ਹੈ, ਨਾਲ ਜਾ ਰਿਹਾ ਸੀ। ਦੱਸਣਯੋਗ ਹੈ ਕਿ ਨਸ਼ਾ ਤਸਕਰ ਦੀ ਪਤਨੀ ਅਤੇ ਜਵਾਈ ਮੌਕੇ ਤੋਂ ਭੱਜਣ ਵਿਚ ਕਾਮਯਾਬ ਹੋ ਗਏ। ਦਰਿਆਈ ਰਸਤੇ ਰਾਹੀਂ ਖੇਪ ਦੀ ਤਸਕਰੀ ਹੋਣ ਦੀ ਸੰਭਾਵਨਾ ਨੂੰ ਜਤਾਉਂਦਿਆਂ ਡੀਜੀਪੀ ਨੇ ਕਿਹਾ ਕਿ ਇਹ ਪਰਿਵਾਰ ਸਰਹੱਦੀ ਪਿੰਡ ਮੋਹਾਰ ਜਮਸੇਰ ਦੇ ਉਨ੍ਹਾਂ ਕੁਝ ਪਰਿਵਾਰਾਂ ਵਿੱਚੋਂ ਸੀ, ਜਿਨ੍ਹਾਂ ਨੇ ਜ਼ਿਲ੍ਹਾ ਪ੍ਰਸਾਸਨ ਵੱਲੋਂ ਅਤੇ ਪੁਲਸ ਅਧਿਕਾਰੀਆਂ ਵੱਲੋਂ ਸੁਰੱਖਿਅਤ ਥਾਵਾਂ 'ਤੇ ਜਾਣ ਸਬੰਧੀ ਵਾਰ-ਵਾਰ ਬੇਨਤੀਆਂ ਕਰਨ ਦੇ ਬਾਵਜੂਦ ਆਪਣੇ ਹੜ੍ਹ ਪ੍ਰਭਾਵਿਤ ਸਥਾਨਾਂ 'ਤੇ ਹੀ ਰਹੇ। ਹੋਰ ਵੇਰਵੇ ਸਾਂਝੇ ਕਰਦਿਆਂ ਏ. ਆਈ. ਜੀ. ਐੱਸ. ਐੱਸ. ਓ. ਸੀ. ਫਾਜ਼ਿਲਕਾ ਲਖਬੀਰ ਸਿੰਘ ਨੇ ਦੱਸਿਆ ਕਿ ਉਹ ਮਾਮਲੇ ਦੀ ਵੱਖ-ਵੱਖ ਪਹਿਲੂਆਂ ਤੋਂ ਜਾਂਚ ਕਰ ਰਹੇ ਹਨ ਅਤੇ ਹੋਰ ਬਰਾਮਦਗੀ ਹੋਣ ਦੀ ਉਮੀਦ ਹੈ। ਉਨ੍ਹਾਂ ਅੱਗੇ ਕਿਹਾ ਕਿ ਅਸੀਂ ਭਗੌੜੇ ਮੁਲਜਮ ਕੌਸਲਿਆ ਬਾਈ ਅਤੇ ਗੁਰਮੀਤ ਸਿੰਘ ਵਿਰੁੱਧ ਵੀ ਕੇਸ ਦਰਜ ਕੀਤਾ ਹੈ ਅਤੇ ਪੁਲਸ ਟੀਮਾਂ ਉਨ੍ਹਾਂ ਨੂੰ ਫੜਨ ਲਈ ਛਾਪੇਮਾਰੀ ਕਰ ਰਹੀਆਂ ਹਨ।

# ਮੋਟਰਸਾਈਕਲ ਤੇ ਬਲੈਰੋ ਵਿਚਾਲੇ ਭਿਆਨਕ ਟੱਕਰ, ਇਕ ਨੌਜਵਾਨ ਗੰਭੀਰ ਜਖਮੀ

ਬਟਾਲਾ 13 ਅਪ੍ਰੈਲ। ਬਟਾਲਾ-ਕਾਦੀਆਂ ਮੁਖ ਮਾਰਗ ਤੇ ਪੈਂਦੇ ਡੱਲਾ ਮੋੜ 'ਤੇ ਇਕ ਮੋਟਰਸਾਈਕਲ ਸਵਾਰ ਅਤੇ ਬਲੈਰੋ ਗੱਡੀ ਵਿਚਾਲੇ ਭਿਆਨਕ ਸੜਕ ਹਾਦਸਾ ਵਾਪਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਮੁਤਾਬਕ ਮੋਟਰਸਾਈਕਲ ਸਵਾਰ ਬਟਾਲੇ ਤੋਂ ਕਾਦੀਆਂ ਵੱਲ ਆ ਰਿਹਾ ਸੀ ਅਤੇ ਬਲੈਰੋ ਗੱਡੀ ਕਾਦੀਆਂ ਤੋਂ ਬਟਾਲੇ ਵੱਲ ਜਾ ਰਹੀ ਸੀ, ਜਿਸ ਦੌਰਾਨ ਡੱਲਾ ਮੋੜ 'ਤੇ ਇਨ੍ਹਾਂ ਵਿਚਾਲੇ ਭਿਆਨਕ ਟੱਕਰ ਹੋ ਗਈ। ਇਸ ਭਿਆਨਕ ਸੜਕ ਹਾਦਸੇ 'ਚ ਮੋਟਰਸਾਈਕਲ ਸਵਾਰ ਨੌਜਵਾਨ ਗੰਭੀਰ ਜਖਮੀ ਹੋ ਗਿਆ, ਜਿਸ ਨੂੰ ਕਾਦੀਆਂ ਦੇ ਇਕ ਨਿੱਜੀ ਹਸਪਤਾਲ 'ਚ ਇਲਾਜ ਲਈ ਦਾਖਲ ਕਰਵਾਇਆ ਗਿਆ। ਦੱਸਣਯੋਗ ਹੈ ਕਿ ਉਸ ਮੋੜ 'ਤੇ ਪੁਲਸ ਦਾ ਨਾਕਾ ਲੱਗਾ ਹੁੰਦਾ ਹੈ, ਜਿਸ ਨੂੰ ਦੇਖ ਕੇ ਨੌਜਵਾਨ ਕਈ ਵਾਰ ਆਪਣੇ ਵਾਹਨ ਤੇਜ ਰਫਤਾਰ ਨਾਲ ਉਥੋਂ ਕੱਢਣ ਦੀ ਕੋਸ਼ਿਸ ਕਰਦੇ ਹਨ ਅਤੇ ਅਜਿਹੇ ਹਾਦਸਿਆਂ ਦਾ ਸ਼ਿਕਾਰ ਹੋ ਜਾਂਦੇ ਹਨ। ਉਥੇ ਹੀ ਦੂਜੇ ਪਾਸੇ ਪੁਲਸ ਵੱਲੋਂ ਬਲੈਰੋ ਅਤੇ ਮੋਟਰਸਾਈਕਲ ਨੂੰ ਕਬਜੇ ਵਿਚ ਲੈ ਕੇ ਤਫਤੀਸ ਸੁਰੂ ਕਰ ਦਿੱਤੀ ਗਈ ਹੈ।


**ਉੱਤਰ ਰੇਲਵੇ**

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

**ਈ-ਟੈਂਡਰ ਸੂਚਨਾ**

ਸੀਨੀਅਰ ਮੰਡਲ ਵਿ. ਇੰਜੀ./ਕ. ਵਿ., ਡੀ. ਆਰ. ਐਮ. ਆਫਿਸ, ਸਟੇਟ ਐਂਟਰੀ ਰੋਡ, ਨਵੀਂ ਦਿੱਲੀ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਕੰਮ ਲਈ ਖੁਲੀ ਟੈਂਡਰਾਂ ਦੀ ਮੰਗ ਕਰਦੇ ਹਨ ।

| | | |
|---|---|---|
| 1. | ਕੰਮ ਦਾ ਨਾਮ ਤੇ ਜਗ੍ਹਾਂ | ਭਾਗ-ਬੀ: ''ਗੈਰ ਵਿਯੁਤੀਕਰਣ ਸਾਈਡਿੰਗ / ਡੀਜ਼ਲ ਸ਼ੇਡਾਂ ਦੇ ਵਿਯੁਤੀਕਰਣ ਦੇ ਸਬੰਧ ਵਿਚ ਡੀਐਲਆਈ, ਐਨਡੀਐਲਐਸ, ਡੀਐਸਜੇ ਅਤੇ ਡੀਈਈ ਸਟੇਸ਼ਨਾਂ ਉਤੇ ਗੈਰ-ਵਿਯੁਤੀਕਰਣ ਸਾਈਡਿੰਗ / ਡੀਜ਼ਲ ਸ਼ੇਡਾਂ ਦੇ ਵਿਯੁਤੀਕਰਣ ਦੇ ਲਈ 25 ਕੇਵੀ ਏਸੀ ਓਐਚਈ ਦਾ ਡਿਜਾਇਨ, ਆਪੂਰਤੀ, ਨਿਰਮਾਣ, ਪਰੀਖਸ਼ਣ ਅਤੇ ਕਮੀਸ਼ਨਿੰਗ । ਡੀਐਲਆਈ ਡਵੀਜਨ ਪਹਿਲਾ ਤੋਂ ਹੀ ਅਨੁਭਾਗਾਂ ਨੂੰ ਵਿਯੁਤੀਕਰਣ ਕਰ ਰਿਹਾ ਹੈ'' । |
| 2. | ਅਨੁਮਾਨਿਤ ਲਾਗਤ | Rs. 2,49,78,450.71/- |
| 3. | ਬਿਆਨਾ ਰਾਸ਼ੀ | Rs. 2,74,900/- |
| 4. | ਈ-ਟੈਂਡਰ ਆਨਲਾਈਨ ਜਮਾਂ ਕਰਨ ਦੀ ਅਵੱਧੀ | 26.04.2024 (00.00 ਵਜੇ ਤੋਂ 10.05.2024 (15.00 ਵਜੇ ਤਕ) |
| 5. | ਈ-ਟੈਂਡਰ ਪੂਰਾ ਕਰਨ ਦੀ ਆਖਰੀ ਅਤੇ ਈ-ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | 10.05.2024 (15.00 ਵਜੇ) |
| 6. | ਵੇਬਸਾਈਟ ਵੇਰਵਾ ਜਿਥੋਂ ਟੈਂਡਰ ਦਸਤਾਵੇਜਾਂ ਦਾ ਪੂਰਾ ਵੇਰਵਾ ਦੇਖਿਆ ਜਾਂ ਸਕਦਾ ਹੈ | www.ireps.gov.in |

ਟੈਂਡਰ ਨੰਬਰ: 10-ਕ.ਵਿ.- ਨਵੀਂ ਦਿੱਲੀ - 2023-24 ਮਿਤੀ : 10.04.2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 1096/24


# ਕਲਾਨੌਰ ਵਿਖੇ ਕਬਰ 'ਚੋਂ ਕੱਢਣੀ ਪਈ 20 ਸਾਲਾ ਕੁੜੀ ਦੀ ਲਾਸ਼, ਜਾਣੋ ਪੂਰਾ ਮਾਮਲਾ

ਕਲਾਨੌਰ 13 ਅਪ੍ਰੈਲ। ਪਿੰਡ ਮਸਤਕੋਟ ਵਿਖੇ ਇਕ ਸ਼ਿਕਾਇਤ 'ਤੇ ਸ਼ੱਕੀ ਹਾਲਾਤ 'ਚ ਔਰਤ ਦੀ ਲਾਸ਼ ਨੂੰ ਕਬਰ 'ਚੋਂ ਕੱਢਵਾ ਕੇ ਪੁਲਸ ਵਲੋਂ ਕਾਰਵਾਈ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਅਨੁਸਾਰ ਥਾਣਾ ਕਲਾਨੌਰ ਅਧੀਨ ਆਉਂਦੇ ਪਿੰਡ ਮਸਤਕੋਟ 'ਚ ਪਰਿਵਾਰਕ ਮੈਂਬਰਾਂ ਵਲੋਂ ਸ਼ੱਕੀ ਹਾਲਤ 'ਚ ਮ੍ਰਿਤਕ ਕੁੜੀ ਨੂੰ ਦਫਨਾਏ ਜਾਣ ਦੇ ਸਬੰਧ 'ਚ ਮ੍ਰਿਤਕਾ ਦੇ ਚਚੇਰੇ ਭਰਾ ਵੱਲੋਂ 112 ਨੰਬਰ 'ਤੇ ਸ਼ਿਕਾਇਤ ਕਰਨ 'ਤੇ ਨਾਇਬ ਤਹਿਸੀਲਦਾਰ ਕਮਲਜੀਤ ਅਤੇ ਥਾਣਾ ਕਲਾਨੌਰ ਦੇ ਸਬ-ਇੰਸਪੈਕਟਰ ਗੁਰਮੁਖ ਸਿੰਘ ਵੱਲੋਂ ਪੁਲਸ ਪਾਰਟੀ ਸਮੇਤ ਕਬਰਿਸਤਾਨ 'ਚ ਪਹੁੰਚ ਕੇ ਕੁੜੀ ਰਿਬਿਕਾ (20) ਪੁੱਤਰੀ ਯੂਸੂਫ ਦੀ ਲਾਸ਼ ਕਬਰ 'ਚੋਂ ਕਢਾ ਕੇ ਪੋਸਟਮਾਰਟਮ ਕਰਨ ਲਈ ਗੁਰਦਾਸਪੁਰ ਸਿਵਲ ਹਸਪਤਾਲ ਭੇਜ ਦਿੱਤਾ ਗਿਆ ਹੈ। ਇਸ ਸਬੰਧੀ ਮ੍ਰਿਤਕ ਦੇ ਚਚੇਰੇ ਭਰਾ ਮੋਹਿਤ ਪੁੱਤਰ ਸਾਦਿਕ ਮਸੀਹ ਵਾਸੀ ਮਸਤਕੋਟ ਨੇ ਦੱਸਿਆ ਕਿ ਮ੍ਰਿਤਕ ਰਿਬਿਕਾ ਦੀ ਉਸਦੇ ਪਤੀ ਨਾਲ ਪਿਛਲੇ ਕਈ ਮਹੀਨਿਆਂ ਤੋਂ ਅਣਬਣ ਹੋਣ ਕਾਰਨ ਉਹ ਆਪਣੇ ਪੇਕੇ ਘਰ 'ਚ ਪਿਤਾ ਅਤੇ ਮਤਰੇਈ ਮਾਂ ਦੇ ਨਾਲ ਰਹਿ ਰਹੀ ਸੀ, ਜਿਸਦੀ 21 ਮਾਰਚ ਨੂੰ ਮੌਤ ਹੋ ਗਈ ਸੀ ਅਤੇ ਪਿੰਡ ਮਸਤਕੋਟ ਦੇ ਹੀ ਕਬਰਿਸਤਾਨ 'ਚ ਉਸ ਦੀ ਲਾਸ਼ ਨੂੰ ਦਫਨਾ ਦਿੱਤਾ ਗਿਆ ਸੀ। ਰਿਬਿਕਾ ਦੀ ਮੌਤ ਹੋਣ ਸਬੰਧੀ ਸ਼ੱਕ ਪੈਣ 'ਤੇ ਉਸਦੀ ਸ਼ਿਕਾਇਤ ਉਨ੍ਹਾਂ 112 ਨੰਬਰ 'ਤੇ ਕਰ ਦਿੱਤੀ, ਜਿਸ 'ਤੇ ਕਾਰਵਾਈ ਕਰਦੇ ਹੋਏ ਐੱਸ. ਡੀ. ਐੱਮ. ਕਲਾਨੌਰ, ਨਾਇਬ ਤਹਿਸੀਲਦਾਰ ਅਤੇ ਪੁਲਸ ਥਾਣਾ ਕਲਾਨੌਰ ਦੇ ਅਧਿਕਾਰੀਆਂ ਨੇ ਮੌਕੇ 'ਤੇ ਪਹੁੰਚ ਕੇ ਰਿਬਿਕਾ ਦੀ ਲਾਸ਼ ਨੂੰ ਕਬਰ 'ਚੋਂ ਕੱਢ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਇਸ ਦੀ ਉੱਚ ਪੱਧਰੀ ਜਾਂਚ ਕਰ ਕੇ ਮੌਤ ਦੇ ਕਾਰਨਾਂ ਦਾ ਪਤਾ ਲਗਾਇਆ ਜਾਵੇ ਅਤੇ ਪੂਰਾ ਇਨਸਾਫ ਦਿੱਤਾ ਜਾਵੇ। ਇਸ ਸਬੰਧੀ ਮੌਕੇ 'ਤੇ ਪਹੁੰਚੇ ਨਾਇਬ ਤਹਿਸੀਲਦਾਰ ਕਲਾਨੌਰ ਕਮਲਜੀਤ ਨੇ ਦੱਸਿਆ ਕਿ ਮੋਹਿਤ ਨਾਂ ਦੇ ਵਿਅਕਤੀ ਨੇ ਸ਼ਿਕਾਇਤ ਦਿੱਤੀ ਸੀ ਕਿ ਰਿਬਿਕਾ ਦੀ ਸ਼ੱਕੀ ਹਾਲਾਤ 'ਚ ਮੌਤ ਹੋ ਗਈ ਹੈ, ਜਿਸ ਦੇ ਮੱਦੇਨਜਰ ਅੱਜ ਪੁਲਸ ਪਾਰਟੀ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਕਬਰ 'ਚੋਂ ਕੱਢ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧੀ ਥਾਣਾ ਕਲਾਨੌਰ ਦੇ ਸਬ-ਇੰਸਪੈਕਟਰ ਗੁਰਮੁੱਖ ਸਿੰਘ ਨੇ ਦੱਸਿਆ ਕਿ ਫਿਲਹਾਲ 174 ਤਹਿਤ ਕਾਰਵਾਈ ਕਰਦੇ ਹੋਏ ਕੁੜੀ ਦੀ ਲਾਸ਼ ਨੂੰ ਪੋਸਟਮਾਰਟਮ ਲਈ ਗੁਰਦਾਸਪੁਰ ਭੇਜ ਦਿੱਤਾ ਗਿਆ ਹੈ ਅਤੇ ਪੋਸਟਮਾਰਟਮ ਦੀ ਜੋ ਵੀ ਰਿਪੋਰਟ ਆਵੇਗੀ, ਉਸ ਅਨੁਸਾਰ ਅਗਲੀ ਕਾਰਵਾਈ ਹੋਵੇਗੀ।


**NAME CHANGE**

I,KM MANISHA W/O BHASKAR GUPTA residing at H NO-241-A BLOCK-H GALI NO-17 SANGAM VIHAR HAMDARD NAGAR, DELHI-110062 have change my name to MANISHA VERMA permanently

**Lost & found**

I, Raj Kumari W/o Ved Prakash R/o Flat No.1211, Gali No.36 DDA Flats Madangir Delhi-110062, have Lost Original General power of attorney dated 26/09/1974 executed by Ram Chand in favor of Ved Prakash Dawra on dt.-04-10-2023 at Shiv Shankar Market Madangir Delhi 110062 of above given property address. Finder Call:-9811021571

**NAME CHANGE**

I, DEEP MALIKA, W/o. DEEPAK KUMAR, & D/o. PARASHU RAM, R/o. FLAT NO-527, GROUND FLOOR, SECTOR-E, POCKET-2, NEAR COMMUNITY HALL, VASANT KUNJ, NEW DELHI-110070, have corrected my mother's name from KAMLESH to KAMLESH KUMARI for all future purpose.

**NAME CHANGE**

I, Mukta Raj Kanojia W/O Arun Kumar Kanojia Age 43 years R/O Flat No 403 Block G-2 C Golf Link, Residency Pocket 2, Sector 18 B Dwarka, South West Delhi Delhi 110075 have changed the name of my daughter from Arunima to Arunima Kanojia for all future purpose.



**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜ਼ਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma



**PUBLIC NOTICE**

Information is given to general public at large that my client Shri Sushil Tayal S/o Shri Krishan Kumar Tayal is the owner of Residential Built-up Part of Property Bearing No. 1/5503, Built on Part of Plot No. 7 land area measuring 60 Sq. Yards, out of Khasra no. 160-min, Situated in the area of Village Sikdar pur Abadi of Gali No. 16, Balbir Nagar Extn., Illaqa Shahdara Delhi-110032, Owner through Regd. Family GPA Dated 19.05.2016, as Regd. No. 551, Gift Deed/ATS & Regd. Family Will dated 19.05.2016 as Regd. No. 295 purchase by Smt. Laxmi Devi W/o Shri Krishan Kumar Tayal, and he to be executed sale deed in favour of his son Shri Mukul Tayal S/o Shri Sushil Tayal in respect of said property and same property to be financed by Anand Rathi Global Finance Ltd. having its Regd. Address at Express Zone, 8th floor Western Express Highway Goregaon (East) Mumbai 400063 and Branch Address at Lajpat Nagar, New Delhi. If any person(s) having any objection regarding, title, mortgage for subject property, then kindly may contact the undersigned along with original property document, within 15 days from date of this notice on below mentioned address, failing which, the claim as per aforesaid shall be treated as null and void in respect of the subject property.

[ASHWANI KUMAR] Advocate
Chamber No. 122,
Tehsil Compound, Ghaziabad, U.P.

**NAME CHANGE**

I, DEEP MALIKA, W/o. DEEPAK KUMAR, & D/o. PARASHU RAM, R/o. FLAT NO-527, GROUND FLOOR, SECTOR-E, POCKET-2, NEAR COMMUNITY HALL, VASANT KUNJ, NEW DELHI-110070, declare that name of my father has been wrongly written as PARASHURAM SINGH in my Educational documents and the correct name of my father's is PARASHU RAM.

**NAME CHANGE**

I, MANOSMINI SAHOO wife of NO-14679587W Rank-HAV Name-JYOTIPRAKASH SAMANTARAY R/O VILL-GHODABAR, POST-SUBARNAPUR, TEH-BANKI, DIST-CUTTACK, ODISHA-754029 have changed my name from MANOSMINI SAHOO to MANOSMINI SAMANTARAY for all future purposes vide Affidavit Dated 06/10/2023 before Executive Magistrate, Delhi.

**PUBLIC NOTICE**

Information is given to general public at large that my client Mr. Nikhil Arora S/o Late Mr. Sushil Kumar Arora is the owner of Entire First Floor & Entire Second Floor without roof, each floor with area measuring 75 Sq. Yards, Built-up Property bearing No. K-44, Part of MCD No. 284, total area measuring 75 sq. yds., part of Khasra No. 14, situated at Punjabi Gali, Kotla Mubarakpur, New Delhi, Owner through Relinquishment Deed dated 19.10.2019 as Regd. No. 5581 & Partition Deed dated 30.09.2021 as Regd. No. 4808 and same property to be financed by Anand Rathi Global Finance Ltd. having its Regd. Address at Express Zone, 8th floor Western Express Highway Goregaon (East) Mumbai 400063 and Branch Address at Lajpat Nagar, New Delhi.If any person(s) having any objection regarding, title, mortgage for subject property, then kindly may contact the undersigned along with original property document, within 07 days from date of this notice on below mentioned address, failing which, the claim as per aforesaid shall be treated as null and void in respect of the subject property.

[ASHWANI KUMAR] Advocate
Chamber No. 122,
Tehsil Compound, Ghaziabad, U.P.

**PUBLIC NOTICE**

It is for general information that I, Abdul Ghani S/o Abdul Waheed R/o 3378, Gali Akhare Wali, Lal Quan, Kucha Pandit Delhi -110006 declare that name of mine has been wrongly written as Abdul Gani in my 10th and 12th Class educational documents. The actual name of mine is Abdul Ghani respectively, which may be amended accordingly. It is certified that I have complied with other legal requirements in this connection.

**PUBLIC NOTICE**

Information is given to general public at large that our clients Smt. Neeru Gupta was the owner of Freehold Residential Entire First floor & Third floor with roof rights Property bearing no. 65, in Block-D, area measuring 120 sq. yds. Out of Khasra no. 262/258/217/4 & 263/258/217/4 Situated in the area of Village Bharola Colony Known as Adarsh Nagar Delhi Vide regd. Relinquishment Deed dated 15.02.2022 in favour of Smt. Neeru Gupta, which is duly registered in the office of SR VI-A, Delhi, as Doc no. 1406, Vol no. 10474 Page no. 139-143, Dated 15.02.2022, initially Mr. Sanjeev Gupta was the owner of aforesaid property vide Exchange Deed dated 13.08.2013 as Doc no. Doc no. 3438, Vol no. 2212 Page no. 77-85 SR- II-A, but unfortunately, Sh. Sanjeev Gupta died on dated 01.12.2021, and his legal hires by (1) Smt. Kaushalaya Rani, (2) Sh. Mohit Gupta & (3) Ms. Ritika Gupta through her SPA Sh. Mohit Gupta executed Regd. Relinquishment Deed dated 15.02.2022 in favour of Mrs. Neeru Gupta, now Smt. Neeru Gupta is declaring that any other Person does not have any right over the said property, which is to be financed by Piramal Capital & Housing Finance Ltd., Branch: NSP, Delhi If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by anyone. Thereafter no claim shall be entertained

[NAVEEN KUMAR VERMA]
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NOTICE**

General Public is hereby informed that our client Mrs. Arti is owner of Residential House no. 252/19 area admeasuring 128 sq. yards, situated in the Anaj Mandi Kasba Dadri Distt. Gauttam Budh Nagar, (U.P) vide Regd. Gift Deed dated 03/10/2023 executed by Mr. Krishan Goyal in favour of Mrs. Arti in respect of the said property, duly registered as Doc. No. 40968, in Book No. I, Volume No. 24910, on Pages 211 to 228, SR-Dadri, That initially, Order passed dated 23.11.2013 for Family settlement took place between Mr. Krishan S/o Bishan Chand vrs. Mr. Rishi Kumar S/o Bishan Chand, Mrs. Mamta W/o rishri Kumar and Maya Devi W/o Bishan Chand in the aforesaid property in favour of Mr. Krishna Goyal in respect plot area 128 sq. yards., which was decreed in the Suit for declaration passed in the Hon'ble Court of Civil Judge C.D Gauttam Budh Nagar court in the suit no. 283 of 2013, who executed Regd. Gift Deed dated 03/10/2023 in favour of our client who further intends to mortgage said property for her bonafide requirements with Fedbank Financial Services Ltd. Whosoever is having any objection to the said mortgage or acquisition or anyone has claim or right or interest in the property shall contact the undersigned with the objection within 07 days failing which it shall be presumed that there stands no objections.

NEW DELHI
DATE: 6/10/2023

PRAGYA BHUSHAN ADVOCATE
Enrl. No. D/721/02
Office: L-27,GF, Kailash Colony, New Delhi-48
Mob.: 9968006418


# ਜਿਲ੍ਹਾ ਪਠਾਨਕੋਟ ਪੁਲਸ ਨੇ ਮੰਦਰ, ਗੁਰਦੁਆਰਿਆਂ ਤੇ ਮਸਜਿਦਾਂ ਦੀ ਕੀਤੀ ਸਮੀਖਿਆ

ਪਠਾਨਕੋਟ 13 ਅਪ੍ਰੈਲ। ਇਕ ਹਫਤੇ ਤੋਂ ਅੰਮ੍ਰਿਤਪਾਲ ਨੂੰ ਲੈ ਕੇ ਜੋ ਘਟਨਾਕ੍ਰਮ ਚੱਲ ਰਿਹਾ ਹੈ, ਉਸ ਨੂੰ ਲੈ ਕੇ ਜ਼ਿਲ੍ਹਾ ਪਠਾਨਕੋਟ





ਦੀ ਪੁਲਸ ਵੀ ਪੂਰੀ ਤਰ੍ਹਾਂ ਨਾਲ ਮੁਸਤੈਦ ਨਜਰ ਆ ਰਹੀ ਹੈ। ਚਾਹੇ ਪਾਕਿਸਤਾਨ ਦੇ ਨਾਲ-ਨਾਲ ਕਠੂਆ ਖੇਤਰ ਦੇ ਨਾਲ ਲੱਗਣ ਵਾਲਾ ਬਮਿਆਲ ਦਾ ਖੇਤਰ ਹੋਵੇ ਜਾਂ ਮਾਧੋਪੁਰ ਇੰਟਰ ਸਟੇਟ ਨਾਕੇ ਹੋਣ ਅਤੇ ਹਿਮਾਚਲ ਪ੍ਰਦੇਸ਼ ਦੇ ਨਾਲ ਲੱਗਣ ਵਾਲੇ ਆਉਣ-ਜਾਣ ਵਾਲੇ ਰਸਤਿਆਂ 'ਤੇ ਪੁਲਸ ਨੇ ਆਪਣੀ ਚੌਕਸੀ ਵਧਾ ਦਿੱਤੀ ਹੈ। ਸਾਰੇ ਆਉਣ-ਜਾਣ ਵਾਲੇ ਵਾਹਨਾਂ 'ਤੇ ਨਜਰ ਰੱਖੀ ਜਾ ਰਹੀ ਹੈ ਅਤੇ ਸਮੇਂ-ਸਮੇਂ 'ਤੇ ਨਾਕੇ ਲਗਾ ਕੇ ਇਸ ਗੱਲ ਦੀ ਵੀ ਜਾਂਚ ਕੀਤੀ ਜਾਂਦੀ ਹੈ ਕਿ ਕਿਸੇ ਤਰ੍ਹਾਂ ਦਾ ਕੋਈ ਗੈਰ ਸਮਾਜਿਕ ਅਨਸਰ ਬਚ ਕੇ ਨਾ ਜਾ ਸਕੇ। ਪੁਲਸ ਪੱਕੇ ਨਾਕਿਆਂ ਦੇ ਨਾਲ-ਨਾਲ ਸਥਾਨ ਬਦਲ ਕੇ ਨਾਕੇ ਲਗਾ ਰਹੀ ਹੈ ਤਾਂ ਜੋ ਕੋਈ ਵੀ ਦੇਸ਼ ਵਿਰੋਧੀ ਜਾਂ ਸਮਾਜ ਵਿਰੋਧੀ ਅਨਸਰ ਜ਼ਿਲ੍ਹੇ 'ਚ ਵੜਣ ਦਾ ਯਤਨ ਨਾ ਕਰਨ। ਇਸ ਸਬੰਧੀ ਐੱਸ. ਐੱਸ. ਪੀ. ਹਰਕਮਲਪ੍ਰੀਤ ਸਿੰਘ ਖੱਖ ਨੇ ਕਿਹਾ ਕਿ ਲੋਕਾਂ ਨੂੰ ਕਿਸੇ ਤਰ੍ਹਾਂ ਦੀ ਚਿੰਤਾ ਦੀ ਜਰੂਰਤ ਨਹੀਂ ਹੈ। ਜ਼ਿਲ੍ਹਾ ਪੁਲਸ ਪੂਰੀ ਤਰ੍ਹਾਂ ਨਾਲ ਚੌਕਸ ਹੈ ਅਤੇ ਹਾਈ ਅਲਰਟ 'ਤੇ ਹੈ। ਇਸ ਸਮੇਂ ਨਰਾਤਿਆਂ ਦਾ ਸਮੇਂ ਚੱਲ ਰਿਹਾ ਹੈ ਅਤੇ ਹਰ ਵਿਅਕਤੀ ਪੂਜਾ-ਪਾਠ 'ਚ ਵਿਅਸਤ ਹੈ। ਮੰਦਰਾਂ 'ਚ ਭੀੜ ਵੱਧ ਰਹੀ ਹੈ। ਇਸੇ ਤਰ੍ਹਾਂ ਮੁਸਲਿਮ ਭਾਈਆਂ ਦੇ ਰੋਜੇ ਸ਼ੁਰੂ ਹੋ ਗਏ ਹਨ, ਕਿਤੇ ਕੋਈ ਦੁਸ਼ਮਣ ਦੇਸ਼ ਪਾਕਿਸਤਾਨ ਅਜਿਹੀ ਸਥਿਤੀ ਦਾ ਲਾਭ ਉਠਾ ਕੇ ਸੰਪਰਦਾਇਕ ਸੋਹਾਰਦ ਨੂੰ ਵਿਗਾੜਨ ਦੀ ਘਿਣੌਨੀ ਚਾਲ-ਚੱਲ ਸਕਦਾ ਹੈ। ਇਨ੍ਹਾਂ ਸਾਰੀਆਂ ਗੱਲਾਂ ਦੇ ਮੱਦੇਨਜਰ ਪਠਾਨਕੋਟ ਜ਼ਿਲ੍ਹੇ ਦੀਆਂ ਸੰਵੇਦਨਸ਼ੀਲਤਾ ਦੇਖਦੇ ਹੋਏ ਜ਼ਿਲ੍ਹਾ ਪੁਲਸ ਮੰਦਰਾਂ, ਗੁਰਦੁਆਰਾਂ ਅਤੇ ਮਸਜਿਦਾਂ 'ਚ ਜਾ ਕੇ ਗੱਲਬਾਤ ਕਰ ਰਹੀ ਹੈ ਅਤੇ ਸੁਰੱਖਿਆ ਵਿਵਸਥਾ ਦੀ ਸਮੀਖਿਆ ਕਰ ਰਹੀ ਹੈ, ਨਾਲ ਹੀ ਮੰਦਰਾਂ ਅਤੇ ਧਾਰਮਿਕ ਸਥਾਨਾਂ 'ਚ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ਦੀ ਵੀ ਜਾਂਚ ਹੋ ਰਹੀ ਹੈ ਤਾਂ ਜੋ ਪਤਾ ਚੱਲ ਸਕੇ ਕਿ ਕੋਈ ਕੈਮਰਾ ਖਰਾਬ ਤਾਂ ਨਹੀਂ।

## ਪਹਿਲਾਂ ਜਿੰਨੀ ਤਨਖਾਹ ‘ਚ ਹੁਣ ਕਰਨਾ ਪਵੇਗਾ ਵਾਧੂ ਕੰਮ

ਬਾਬਾ ਬਕਾਲਾ ਸਾਹਿਬ 13 ਅਪ੍ਰੈਲ। ਪੰਜਾਬ ਸਰਕਾਰ ਨੇ ਇਕ ਵਿਸ਼ੇਸ਼ ਫਰਮਾਨ ਰਾਹੀਂ ਸੂਬੇ ‘ਚ ਕੰਮ ਕਰਨ ਵਾਲੇ ਦਿਹਾੜੀਦਾਰ ਕਾਮਿਆਂ ਦੀ ਮਿਹਨਤ ਦਾ ਮਜ਼ਾਕ ਉਡਾਉਂਦਿਆਂ ਉਨ੍ਹਾਂ ਦੇ ਕੰਮ ਕਰਨ ਦਾ ਸਮਾਂ 8 ਘੰਟੇ ਤੋਂ ਵਧਾ ਕੇ 12 ਘੰਟੇ ਤੱਕ ਕਰ ਦਿਤਾ ਹੈ। ਪੰਜਾਬ ਦੇ ਲੇਬਰ ਵਿਭਾਗ ਵੱਲੋਂ ਜਾਰੀ ਨੋਟੀਫਿਕੇਸ਼ਨ ‘ਚ ਕਿਹਾ ਗਿਆ ਹੈ ਕਿ ਕੋਈ ਵੀ ਮਜ਼ਦੂਰ ਕਾਮਾ ਚਾਹੇ ਉਹ ਕਿਸੇ ਵੀ ਕਾਰਖਾਨੇ ’ਚ ਕੰਮ ਕਰਦਾ ਹੋਵੇ, ਦਿਹਾੜੀਦਾਰ ਹੋਵੇ ਜਾਂ ਰਾਜ ਮਿਸਤਰੀ ਉਸ ਨੂੰ ਪਹਿਲਾਂ ਤੋਂ ਹੀ ਮਿਲਣ ਵਾਲੀ ਉਜਰਤ ’ਚ ਕੋਈ ਵਾਧਾ ਨਹੀ ਹੋਵੇਗਾ। ਸੂਬੇ ਵਿਚਲੇ 2 ਕਰੋੜ ਦੇ ਕਰੀਬ ਦਿਹਾੜੀਦਾਰ ਮਜ਼ਦੂਰ ਕਾਮਿਆਂ ਵੱਲੋਂ ਇਸ ਨੋਟੀਫਿਕੇਸ਼ਨ ਨੂੰ ਰੱਦ ਕਰਵਾਉਣ ਲਈ ਇਕ ਮੰਚ ’ਤੇ ਇਕੱਤਰ ਹੋਣ ਦਾ ਫੈਸਲਾ ਲਿਆ ਗਿਆ ਹੈ, ਜਿਨ੍ਹਾਂ ਦੀ ਅਗਵਾਈ ਘੱਟ ਗਿਣਤੀ ਲੋਕ ਭਲਾਈ ਸੰਸਥਾ ਦੇ ਪ੍ਰਧਾਨ ਸਤਨਾਮ ਸਿੰਘ ਗਿੱਲ ਕਰਨਗੇ, ਜਿਨ੍ਹਾਂ ਨੇ ਅੱਜ ਦੱਸਿਆ ਕਿ ਇਨ੍ਹਾਂ ਦਿਹਾੜੀਦਾਰ ਕਾਮਿਆਂ ਵੱਲੋਂ ਪੰਜਾਬ ਦੇ 117 ਵਿਧਾਨਕਾਰਾਂ ਨੂੰ ਮੰਗ ਪੱਤਰ ਦੇ ਕੇ ਜਿਥੇ ਇਸ ਦਾ ਵਿਰੋਧ ਕੀਤਾ ਜਾਵੇਗਾ, ਉੱਥੇ ਨਾਲ ਹੀ ਮੰਗ ਕੀਤੀ ਜਾਵੇਗੀ ਕਿ ਪੰਜਾਬ ਵਿਧਾਨ ਸਭਾ ਵਿਚ ਇਸ ਮੁੱਦੇ ਨੂੰ ਉਠਾਇਆ ਜਾਵੇ ਅਤੇ ਦਿਹਾੜੀਦਾਰ ਕਾਮਿਆਂ ਦਾ ਸਮਾਂ ਪਹਿਲਾਂ ਵਾਲਾ ਹੀ ਬਹਾਲ ਰੱਖਿਆ ਜਾਵੇ।

## ਸ਼ਰਮਨਾਕ ! 70 ਸਾਲ ਦੇ ਬਜੁਰਗ ਨੇ 11 ਸਾਲਾ ਬੱਚੀ ਨਾਲ ਕੀਤੀ ਘਿਨੌਣੀ ਹਰਕਤ

ਬਾਂਦਾ 13 ਅਪ੍ਰੈਲ। ਉੱਤਰ ਪ੍ਰਦੇਸ਼ ਦੇ ਬਾਂਦਾ ਜ਼ਿਲ੍ਹੇ ਦੇ ਮਰਕਾ ਥਾਣਾ ਖੇਤਰ ‘ਚ 11 ਸਾਲਾ ਇਕ ਬੱਚੀ ਨਾਲ ਜਬਰ ਜ਼ਿਨਾਹ ਦੇ ਦੋਸ਼ ‘ਚ 70 ਸਾਲਾ ਇਕ ਬਜੁਰਗ ਵਿਅਕਤੀ ਖ਼ਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ। ਪੁਲਸ ਸੂਤਰਾਂ ਨੇ ਮੰਗਲਵਾਰ ਨੂੰ ਦੱਸਿਆ ਕਿ ਮਰਕਾ ਥਾਣਾ ਖੇਤਰ ਦੇ ਇਕ ਪਿੰਡ ਦੇ ਰਹਿਣ ਵਾਲੇ ਵਿਅਕਤੀ ਨੇ ਸੋਮਵਾਰ ਨੂੰ ਸ਼ਿਕਾਇਤ ਦੇ ਕੇ ਦੋਸ਼ ਲਗਾਇਆ ਕਿ ਉਸ ਦੀ 11 ਸਾਲਾ ਪੋਤੀ 30 ਸਤੰਬਰ ਨੂੰ ਗੁਆਂਢੀ ਜਨਕ ਉਰਫ ਕ੍ਰਿਸ਼ਨ ਬਿਹਾਰੀ (70) ਦੇ ਘਰ ਦੁੱਧ ਲੈਣ ਗਈ ਸੀ। ਕ੍ਰਿਸ਼ਨ ਬਿਹਾਰੀ ਬਹਾਨੇ ਨਾਲ ਬੱਚੀ ਨੂੰ ਘਰ ਦੇ ਅੰਦਰ ਲੈ ਗਿਆ ਅਤੇ ਹੱਥ-ਪੈਰ ਬੰਨ੍ਹ ਕੇ ਉਸ ਨਾਲ ਜਬਰ ਜ਼ਿਨਾਹ ਕੀਤਾ। ਉਨ੍ਹਾਂ ਦੱਸਿਆ ਕਿ ਬੱਚੀ ਦੇ ਚੀਕਣ ਦੀ ਆਵਾਜ ਸੁਣ ਕੇ ਹੋਰ ਗੁਆਂਢੀ ਅਤੇ ਪਰਿਵਾਰ ਵਾਲੇ ਕ੍ਰਿਸ਼ਨ ਬਿਹਾਰੀ ਦੇ ਘਰ ਪਹੁੰਚ ਕੇ ਬੱਚੀ ਨੂੰ ਬਾਹਰ ਲਿਆਏ। ਇਸ ਦੌਰਾਨ ਦੋਸ਼ੀ ਮੌਕਾ ਦੇਖ ਕੇ ਦੌੜ ਗਿਆ। ਸੂਤਰਾਂ ਨੇ ਦੱਸਿਆ ਕਿ ਸ਼ਿਕਾਇਤ ਦੇ ਆਧਾਰ ‘ਤੇ ਕ੍ਰਿਸ਼ਨ ਬਿਹਾਰੀ ਖ਼ਿਲਾਫ ਜਬਰ ਜ਼ਿਨਾਹ ਦੇ ਦੋਸ਼ ਅਤੇ ਪੋਕਸੋ ਐਕਟ ਦੀਆਂ ਧਾਰਾਵਾਂ ਦੇ ਅਧੀਨ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਦੋਸ਼ੀ ਦੀ ਗ੍ਰਿਫਤਾਰੀ ਲਈ ਉਨ੍ਹਾਂ ਦੇ ਸੰਭਾਵਿਤ ਟਿਕਾਣਿਆਂ ‘ਤੇ ਛਾਪੇਮਾਰੀ ਕੀਤੀ ਜਾ ਰਹੀ ਹੈ।

## ਖੁਦ ਨੂੰ ਅੱਗ ਲਾਉਣ ਵਾਲੇ ਨੌਜਵਾਨ ਦੀ ਹੋਈ ਮੌਤ

ਲੁਧਿਆਣਾ 13 ਅਪ੍ਰੈਲ। ਹੈਬੋਵਾਲ ਦੇ ਅਧੀਨ ਆਉਂਦੇ ਚੰਦਰ ਨਗਰ ’ਚ ਐਤਵਾਰ ਨੂੰ ਦੇਰ ਸ਼ਾਮ ਖੁਦ ’ਤੇ ਪੈਟਰੋਲ ਛਿੜਕ ਕੇ ਅੱਗ ਲਗਾਉਣ ਵਾਲੇ ਨੌਜਵਾਨ ਦੀ ਇਲਾਜ ਦੌਰਾਨ ਮੌਤ ਹੋ ਗਈ। ਪੁਲਸ ਨੇ ਕਾਰਵਾਈ ਕਰਦਿਆਂ ਲਾਸ਼ ਨੂੰ ਕਬਜ਼ੇ ’ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ। ਉਸ ਦੀ ਪਛਾਣ ਸਰਕਟ ਹਾਊਸ ਕੋਲ ਸਥਿਤ ਮਹਾਰਾਜ ਨਗਰ ਦੇ ਰਹਿਣ ਵਾਲੇ ਜੁਝਾਰ ਸਿੰਘ (22) ਵਜੋਂ ਕੀਤੀ ਗਈ ਹੈ। ਪੁਲਸ ਨੇ ਉਸ ਦੇ ਪਿਤਾ ਰਾਜਵੰਤ ਸਿੰਘ ਦੇ ਬਿਆਨ ’ਤੇ ਧਾਰਾ 174 ਤਹਿਤ ਕਾਰਵਾਈ ਕਰਦੇ ਹੋਏ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਮੁਤਾਬਕ ਨੌਜਵਾਨ ਐਤਵਾਰ ਨੂੰ ਦੇਰ ਰਾਤ ਚੰਦਰ ਨਗਰ ਇਲਾਕੇ ’ਚ ਸਥਿਤ ਇਕ ਘਰ ਦੇ ਬਾਹਰ ਗਿਆ ਅਤੇ ਉੱਥੇ ਜਾ ਕੇ ਖੁਦ ’ਤੇ ਪੈਟਰੋਲ ਛਿੜਕ ਕੇ ਅੱਗ ਲਗਾ ਲਈ ਸੀ। ਇਸ ਦੌਰਾਨ ਡਾਕਟਰਾਂ ਨੇ ਇਲਾਜ ਦੌਰਾਨ ਦੱਸਿਆ ਸੀ ਕਿ ਉਹ 65 ਫੀਸਦੀ ਸੜ ਗਿਆ ਸੀ। ਹਾਦਸੇ ਦੌਰਾਨ ਮੌਜੂਦ ਲੋਕਾਂ ਨੇ ਉਸ ਦਾ ਬਚਾਅ ਕਰਨ ਦਾ ਯਤਨ ਕੀਤਾ ਅਤੇ ਇਕ ਨੌਜਵਾਨ ਦੇ ਹੱਥ ਵੀ ਸੜ ਗਏ ਜਿਸ ਨੂੰ ਵੀ ਇਲਾਜ ਲਈ ਲਿਜਾਇਆ ਗਿਆ। ਪੁਲਸ ਨੇ ਦੱਸਿਆ ਕਿ ਮਾਮਲੇ ਸਬੰਧੀ ਜਾਂਚ ਕੀਤੀ ਜਾ ਰਹੀ ਹੈ।

# ਬੱਸਾਂ ਦੀ ਘਾਟ ਕਾਰਨ ਯਾਤਰੀ ਹੋ ਰਹੇ ਨੇ ਪਰੇਸ਼ਾਨ, ਵਿਭਾਗ ਨੂੰ ਵੀ ਝੱਲਣਾ ਪੈ ਰਿਹੈ ਰੋਜਾਨਾ ਲੱਖਾਂ ਦਾ ਨੁਕਸਾਨ

ਜਲੰਧਰ 13 ਅਪ੍ਰੈਲ। ਬੱਸਾਂ ਦੀ ਆਵਾਜਾਈ ’ਚ ਖਾਮੀਆਂ ਹੋਣ ਕਾਰਨ ਰੋਜਾਨਾ ਹਜਾਰਾਂ ਯਾਤਰੀਆਂ ਨੂੰ ਪ੍ਰੇਸ਼ਾਨੀਆਂ ਉਠਾਉਣੀਆਂ ਪੈ ਰਹੀਆਂ ਹਨ ਤੇ ਵਿਭਾਗ ਨੂੰ ਰੋਜਾਨਾ ਲੱਖਾਂ ਰੁਪਏ ਦਾ ਨੁਕਸਾਨ ਹੁੰਦਾ ਹੈ। ਉਥੇ ਹੀ ਇਸ ਦੇ ਉਲਟ ਟ੍ਰਾਂਸਪੋਰਟ ਵਿਭਾਗ ਬੱਸ ਯਾਤਰੀਆਂ ਨੂੰ ਸਹੂਲਤਾਂ ਦੇਣ ਦੇ ਵੱਡੇ-ਵੱਡੇ ਦਾਅਵੇ ਕਰਦਾ ਨਹੀਂ ਥੱਕਦਾ ਜਦਕਿ ਜਮੀਨੀ ਹਕੀਕਤ ਯਾਤਰੀਆਂ ਦੀਆਂ ਪ੍ਰੇਸ਼ਾਨੀਆਂ ਨੂੰ ਬਿਆਨ ਕਰਦੀ ਹੈ। ਆਲਮ ਇਹ ਹੈ ਕਿ ਯਾਤਰੀਆਂ ਨੂੰ ਸਰਕਾਰੀ ਬੱਸਾਂ ਲਈ ਲੰਬੀ ਉਡੀਕ ਕਰਨੀ ਪੈ ਰਹੀ ਹੈ ਅਤੇ ਕਈ ਰੂਟਾਂ ’ਤੇ ਬੱਸਾਂ ਦੀ ਘਾਟ ਕਾਰਨ ਪ੍ਰਾਈਵੇਟ ਬੱਸਾਂ ਵਿਚ ਸਫਰ ਕਰਨ ਤੋਂ ਇਲਾਵਾ ਕੋਈ ਰਸਤਾ ਨਹੀਂ ਬਚਦਾ। ਉੱਥੇ ਹੀ ਆਵਾਜਾਈ ਨੀਤੀਆਂ ’ਚ ਕਮੀਆਂ ਕਾਰਨ ਪੰਜਾਬ ਰੋਡਵੇਜ ਦੇ ਡਿਪੂਆਂ ’ਚ ਖੜ੍ਹੀਆਂ ਬੱਸਾਂ ਧੂੜ ਫੱਕ ਰਹੀਆਂ ਹਨ। ਡਿਪੂਆਂ ’ਚ ਖੜ੍ਹੀਆਂ ਬੱਸਾਂ ਨੂੰ ਚਲਾਉਣ ਪ੍ਰਤੀ ਗੰਭੀਰਤਾ ਨਾਲ ਨੀਤੀ ਬਣਾਉਣ ਦੀ ਲੋੜ ਹੈ ਤਾਂ ਕਿ ਵਿਭਾਗ ਦੀ ਗ੍ਰੋਥ ਹੋ ਸਕੇ। ਇਸ ਸਮੇਂ ਵੱਖ-ਵੱਖ ਕਾਰਨਾਂ ਕਾਰਨ ਡਿਪੂਆਂ ’ਚ 500 ਤੋਂ ਜ਼ਿਆਦਾ ਬੱਸਾਂ ਖੜ੍ਹੀਆਂ ਰੱਖਣੀਆਂ ਪੈ ਰਹੀਆਂ ਹਨ ਜਦਕਿ ਇਨ੍ਹਾਂ ਬੱਸਾਂ ਨੂੰ ਚਲਾਉਣ ਨਾਲ ਵਿਭਾਗ ਨੂੰ ਰੋਜਾਨਾ ਲੱਖਾਂ ਰੁਪਏ ਦਾ ਲਾਭ ਹੋਣਾ ਤੈਅ ਹੈ। ਰੋਜਾਨਾ ਬੱਸ ਅੱਡੇ ’ਚ ਦੇਖਣ ਨੂੰ ਮਿਲਦਾ ਹੈ ਕਿ ਕਾਊਂਟਰਾਂ ’ਤੇ ਯਾਤਰੀ ਸਰਕਾਰੀ ਬੱਸਾਂ ਦੀ ਉਡੀਕ ਕਰਦੇ ਹਨ ਪਰ ਲੰਬੀ ਉਡੀਕ ਕਰਨ ਦੇ ਬਾਅਦ ਵੀ ਬੱਸ ਨਾ ਮਿਲਣ ਕਾਰਨ ਯਾਤਰੀ ਪ੍ਰਾਈਵੇਟ ਬੱਸ ’ਚ ਸਫਰ ਕਰਨ ਲਈ ਮਜਬੂਰ ਹੋ ਜਾਂਦੇ ਹਨ। ਸਾਮ ਸਮੇਂ ਅੰਮ੍ਰਿਤਸਰ ਰੂਟ ’ਤੇ ਬੱਸਾਂ ਦੀ ਭਾਰੀ ਕਮੀ ਦੇਖਣ ਨੂੰ ਮਿਲਦੀ ਹੈ। ਖਾਸ ਤੌਰ ’ਤੇ ਸਰਕਾਰੀ ਬੱਸਾਂ ਦੀ ਉਪਲੱਬਧਤਾ ਘੱਟ ਹੈ। ਜੋ ਸਰਕਾਰੀ ਬੱਸਾਂ ਆਉਂਦੀਆਂ ਹਨ, ਉਨ੍ਹਾਂ ’ਚ ਚੜ੍ਹਨ ਲਈ ਯਾਤਰੀਆਂ ਨੂੰ ਕਾਫੀ ਪ੍ਰੇਸਾਨੀਆਂ ਉਠਾਉਣੀਆਂ ਪੈਂਦੀਆਂ ਹਨ। ਉਥੇ ਹੀ ਅੰਮ੍ਰਿਤਸਰ ਰੂਟ ’ਤੇ ਜਾਣ ਵਾਲੇ ਲੋਕਾਂ ਨੂੰ ਖੜ੍ਹੇ ਹੋ ਕੇ ਸਫਰ ਕਰਨਾ ਪੈਂਦਾ ਹੈ, ਕਈ ਯਾਤਰੀ ਬੱਸਾਂ ਉਪਰ ਬੈਠ ਕੇ ਸਫਰ ਕਰਦੇ ਦੇਖਣ ਨੂੰ



ਮਿਲਦੇ ਹਨ। ਯਾਤਰੀਆਂ ਕੋਲ ਅੰਮ੍ਰਿਤਸਰ ਰੂਟ ’ਤੇ ਜਾਣ ਲਈ ਬੱਸ ਅੱਡੇ ਤੋਂ ਬਦਲ ਕਾਫੀ ਘੱਟ ਹਨ, ਇਸ ਕਾਰਨ ਰੋਜਾਨਾ ਸਫਰ ਕਰਨ ਵਾਲੇ ਯਾਤਰੀ ਹਾਈਵੇ ਤੋਂ ਬੱਸਾਂ ਲੈਣ ਨੂੰ ਮਹੱਤਵ ਦਿੱਦੇ ਹਨ। ਅੰਮ੍ਰਿਤਸਰ ਰੂਟ ਲਈ ਬੱਸ ਅੱਡੇ ਦੇ ਮੁਕਾਬਲੇ ਰਾਮਾ ਮੰਡੀ ਚੌਂਕ ਤੇ ਪੀ. ਏ. ਪੀ. ਤੋਂ ਜ਼ਿਆਦਾ ਬੱਸਾਂ ਮਿਲ ਜਾਂਦੀਆਂ ਹਨ, ਜਿਸ ਕਾਰਨ ਲੋਕ ਬੱਸ ਅੱਡੇ ’ਤੇ ਆਉਣ ਦੀ ਬਜਾਏ ਹਾਈਵੇ ਤੋਂ ਬੱਸਾਂ ਲੈਣ ਨੂੰ ਮਹੱਤਵ ਦਿੰਦੇ ਹਨ। ਔਰਤਾਂ ਦੇ ਮੁਫਤ ਸਫਰ ਦੀ ਗੱਲ ਕੀਤੀ ਜਾਵੇ ਤਾਂ ਕੈਪਟਨ ਅਮਰਿੰਦਰ ਸਿੰਘ ਸਮੇਂ ਕਾਂਗਰਸ ਨੇ ਪੰਜਾਬ ’ਚ ਔਰਤਾਂ ਲਈ ਮੁਫਤ ਸਫਰ ਸ਼ੁਰੂ ਕੀਤਾ ਸੀ। ਇਸ ਸਹੂਲਤ ਦੇ ਸ਼ੁਰੂ ਹੋਣ ਤੋਂ ਬਾਅਦ ਔਰਤਾਂ ਨੂੰ ਆਉਣ ਵਾਲੀਆਂ ਪ੍ਰੇਸ਼ਾਨੀਆਂ ਬਾਰੇ ਖਬਰਾਂ ਲਗਾਤਾਰ ਪ੍ਰਕਾਸ਼ਿਤ ਹੁੰਦੀਆਂ ਰਹਿੰਦੀਆਂ ਹਨ ਪਰ ਸਮੱਸਿਆ ਦਾ ਹੱਲ ਨਹੀਂ ਹੋ ਸਕਿਆ। ਸਰਕਾਰੀ ਬੱਸਾਂ ਦੀ ਘਾਟ ਕਾਰਨ ਔਰਤਾਂ ਨੂੰ ਬੱਸਾਂ ਦੀ ਲੰਬੀ ਉਡੀਕ ਕਰਨੀ ਪੈ ਰਹੀ ਹੈ ਪਰ ਆਮ ਤੌਰ ’ਤੇ ਔਰਤਾਂ ਨੂੰ ਮੁਫਤ ਸਫਰ ਦਾ ਲਾਭ ਨਹੀਂ ਮਿਲ ਪਾਉਂਦਾ। ਔਰਤਾਂ ਦੀ ਮੰਗ ਹੈ ਕਿ ਅਧਿਕਾਰੀ ਬੱਸ ਅੱਡਿਆਂ ’ਤੇ ਆ ਕੇ ਪਬਲਿਕ ਨੂੰ ਹੋਣ ਵਾਲੀਆਂ ਪ੍ਰੇਸ਼ਾਨੀਆਂ ਵੱਲ ਧਿਆਨ ਦੇਣ।

# ਪਿਆਰ ਸਿਰੇ ਚੜ੍ਹਦਾ ਨਾ ਦੇਖ ਹੋਸ਼ ਗੁਆ ਬੈਠੀ ਕੁੜੀ, ਪ੍ਰੇਮੀ ਸਾਹਮਣੇ ਖੁਦ ਨੂੰ ਲਾ ਲਈ ਅੱਗ

ਚੰਡੀਗੜ੍ਹ 13 ਅਪ੍ਰੈਲ। ਇੱਥੇ ਸੈਕਟਰ-35 ਦੇ ਪਾਰਕ ‘ਚ ਝਗੜਾ ਸੁਲਝਾਉਣ ਆਈ ਪ੍ਰੇਮਿਕਾ ’ਤੇ ਪ੍ਰੇਮੀ ਨੇ ਮੰਗਲਵਾਰ ਰਾਤ ਪੈਟਰੋਲ ਪਾ ਕੇ ਅੱਗ ਲਗਾ ਦਿੱਤੀ। ਪੈਟਰੋਲ ਪੰਪ ਦੇ ਮੁਲਾਜ਼ਮਾਂ ਨੇ ਅੱਗ ਬੁਝਾ ਕੇ ਮਾਮਲੇ ਦੀ ਸੂਚਨਾ ਪੁਲਸ ਨੂੰ ਦਿੱਤੀ। ਮੌਕੇ ’ਤੇ ਪੁੱਜੀ ਪੁਲਸ ਜਖਮੀ ਨੂੰ ਪੀ. ਜੀ. ਆਈ. ਲੈ ਆਈ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਮ੍ਰਿਤਕਾ ਦੀ ਪਛਾਣ ਰਾਣੀ ਕੋਹਲੀ ਵਾਸੀ ਸੋਹਾਣਾ ਵਜੋਂ ਹੋਈ। ਮ੍ਰਿਤਕਾ ਮੂਲ ਰੂਪ ਤੋਂ ਉੱਤਰਾਖੰਡ ਦੀ ਰਹਿਣ ਵਾਲੀ ਸੀ ਤੇ ਸੋਹਾਣਾ ਵਿਚ ਬਿਊਟੀ ਪਾਰਲਰ ’ਚ ਕੰਮ ਕਰਦੀ ਸੀ। ਕਰੀਬ 4 ਸਾਲਾਂ ਤੋਂ ਸੰਨੀ ਐਨਕਲੇਵ ਦੇ ਰਹਿਣ ਵਾਲੇ ਵਿਸ਼ਾਲ ਨਾਲ ਉਸ ਦੇ ਪ੍ਰੇਮ ਸਬੰਧ ਸਨ। ਵਿਸ਼ਾਲ ਸੈਕਟਰ-22 ਦੀ ਮਾਰਕਿਟ ਵਿਚ ਮੋਬਾਇਲ ਰਿਪੇਅਰ ਦਾ ਕੰਮ ਕਰਦਾ ਹੈ। ਸੈਕਟਰ-36 ਥਾਣਾ ਪੁਲਸ ਨੇ ਵਿਸ਼ਾਲ ਖ਼ਿਲਾਫ਼ ਕਤਲ ਦਾ ਕੇਸ ਦਰਜ ਕਰ ਕੇ ਗ੍ਰਿਫ਼ਤਾਰ ਕਰ ਲਿਆ ਹੈ। ਪੁਲਸ ਨੂੰ ਮੰਗਲਵਾਰ ਰਾਤ 10 ਵਜੇ ਸੂਚਨਾ ਮਿਲੀ ਕਿ ਸੈਕਟਰ-35 ਪੈਟਰੋਲ ਪੰਪ ਨੇੜੇ ਪਾਰਕ ’ਚ ਇਕ ਕੁੜੀ ਨੇ ਖੁਦ ਨੂੰ ਅੱਗ ਲਗਾ ਲਈ ਹੈ। ਟੀਮ ਮੌਕੇ ’ਤੇ ਪਹੁੰਚੀ ਤੇ ਝੁਲਸੀ ਹੋਈ ਕੁੜੀ ਨੂੰ ਪੀ. ਜੀ. ਆਈ. ਲੈ ਗਈ। ਫਾਰੈਂਸਿਕ ਟੀਮ ਨੇ ਪਾਰਕ ’ਚੋਂ ਕੁੜੀ ਦੇ ਸੈਂਡਲ, ਪਰਸ, ਮੋਬਾਇਲ ਫੋਨ ਤੇ ਮਾਚਿਸ ਦੀ ਡੱਬੀ ਸਮੇਤ ਹੋਰ ਸਾਮਾਨ ਬਰਾਮਦ ਕੀਤਾ। ਥਾਣਾ ਇੰਚਾਰਜ ਓਮਪ੍ਰਕਾਸ਼ ਨੇ ਪੀ.ਜੀ.ਆਈ. ’ਚ ਕੁੜੀ ਦੇ ਬਿਆਨ ਦਰਜ ਕੀਤੇ। ਅੱਗ ਨਾਲ ਝੁਲਸੀ ਰਾਣੀ ਕੋਹਲੀ ਨੇ ਦੱਸਿਆ ਕਿ ਉਸ ਦੇ ਵਿਸ਼ਾਲ ਨਾਲ 4 ਸਾਲਾਂ ਤੋਂ ਪ੍ਰੇਮ ਸਬੰਧ ਸਨ। ਉਸ ਨੂੰ ਮਿਲਣ ਲਈ ਪਾਰਕ ‘ਚ ਬੁਲਾਇਆ ਸੀ। ਇਸੇ ਦੌਰਾਨ ਵਿਆਹ ਨੂੰ ਲੈ ਕੇ ਬਹਿਸ ਹੋ ਗਈ, ਜਿਸ ਤੋਂ ਬਾਅਦ ਵਿਸ਼ਾਲ ਨੇ ਪੈਟਰੋਲ ਛਿੜਕ ਕੇ ਅੱਗ ਲਗਾ ਦਿੱਤੀ। ਥੋੜ੍ਹੀ ਦੇਰ ਬਾਅਦ ਕੁੜੀ ਨੇ ਕਿਹਾ ਕਿ ਉਹ ਖੁਦ ਹੀ ਪੈਟਰੋਲ ਲੈ ਕੇ ਆਈ ਸੀ ਤੇ ਆਪਣੇ ਆਪ ਨੂੰ ਅੱਗ ਲਗਾ ਲਈ। ਬਿਆਨ ਦਰਜ ਹੋਣ ਤੋਂ ਕੁੱਝ ਘੰਟਿਆਂ ਬਾਅਦ ਹੀ ਉਸ ਦੀ ਮੌਤ ਹੋ ਗਈ। ਜਾਂਚ ’ਚ ਸਾਹਮਣੇ ਆਇਆ ਹੈ ਕਿ ਰਾਣੀ ਕੋਹਲੀ ਪ੍ਰੇਮੀ ਵਿਸ਼ਾਲ ਨੂੰ ਮਿਲਣ ਲਈ ਸੋਹਾਣਾ ਤੋਂ ਟੈਕਸੀ ਕਿਰਾਏ ’ਤੇ ਲੈ ਕੇ ਸੈਕਟਰ-22 ਆਈ ਸੀ। ਟੈਕਸੀ ਡਰਾਈਵਰ ਨੇ ਉਸ ਨੂੰ ਸਲਿੱਪ ਰੋਡ ’ਤੇ ਛੱਡ ਦਿੱਤਾ ਸੀ। ਇਸ ਤੋਂ ਬਾਅਦ ਵਿਸ਼ਾਲ ਤੇ ਰਾਣੀ ਸੈਕਟਰ-35 ਸਥਿਤ ਪਾਰਕ ‘ਚ ਪਹੁੰਚੇ। ਕਰੀਬ ਅੱਧਾ ਘੰਟਾ ਦੋਹਾਂ ਵਿਚਾਲੇ ਗੱਲਬਾਤ ਅਤੇ ਬਹਿਸ ਹੋਈ। ਕੁੜੀ ਵਿਸ਼ਾਲ ਨਾਲ ਵਿਆਹ ਕਰਵਾਉਣਾ ਚਾਹੁੰਦੀ ਸੀ, ਪਰ ਵਿਸ਼ਾਲ ਕੁੜੀ ਤੋਂ ਲਏ ਗਿਫਟ ਵਾਪਸ ਕਰ ਰਿਹਾ ਸੀ, ਜਿਸ ਕਾਰਣ ਕੁੜੀ ਨੇ ਪਰੇਸ਼ਾਨ ਹੋ ਕੇ ਖੁਦ ਨੂੰ ਅੱਗ ਲਗਾ ਲਈ। ਸੂਤਰਾਂ ਤੋਂ ਪਤਾ ਲੱਗਾ ਹੈ ਕਿ ਚੰਡੀਗੜ੍ਹ ਆਉਣ ਤੋਂ ਪਹਿਲਾਂ ਰਾਣੀ ਨੇ ਇਕ ਦੋਸਤ ਨੂੰ ਫੋਨ ਕਰ ਕੇ ਪੈਟਰੋਲ ਮੰਗਿਆ ਸੀ ਪਰ ਉਸ ਨੇ ਮਨ੍ਹਾ ਕਰ ਦਿੱਤਾ ਸੀ। ਉਸ ਨੇ ਕਿਹਾ ਸੀ ਕਿ ਚੰਡੀਗੜ੍ਹ ‘ਚ ਬੋਤਲ ’ਚ ਪੈਟਰੋਲ ਨਹੀਂ ਪਾਉਂਦੇ ਹਨ। ਇਸ ਤੋਂ ਬਾਅਦ ਰਾਣੀ ਨੇ ਫੋਨ ਕੱਟ ਦਿੱਤਾ ਅਤੇ ਕੁੱਝ ਸਮੇਂ ਬਾਅਦ ਦੋਸਤ ਨੂੰ ਦੱਸਿਆ ਕਿ ਉਸ ਨੂੰ ਪੈਟਰੋਲ ਮਿਲ ਗਿਆ ਹੈ। ਇਸ ਤੋਂ ਸਾਫ ਸਾਬਤ ਹੁੰਦਾ ਹੈ ਕਿ ਮ੍ਰਿਤਕਾ ਖੁਦ ਪੈਟਰੋਲ ਲੈ ਕੇ ਆਈ ਸੀ। ਰਾਣੀ ਦੀ ਮੌਤ ਦੀ ਸੂਚਨਾ ਮਿਲਦੇ ਹੀ ਉਸ ਦੀ ਮਾਂ ਮੀਰਾ ਰਿਸ਼ਤੇਦਾਰਾਂ ਸਮੇਤ ਸੈਕਟਰ-36 ਥਾਣੇ ਪੁੱਜ ਗਏ। ਮੀਰਾ ਰੋ-ਰੋ ਕੇ ਪੁਲਸ ਨੂੰ ਇਨਸਾਫ਼ ਦਿਵਾਉਣ ਲਈ ਕਹਿ ਰਹੀ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਧੀ ਨੂੰ ਬੜੀ ਚਲਾਕੀ ਨਾਲ ਪਾਰਕ ਵਿਚ ਬੁਲਾਇਆ ਗਿਆ ਸੀ। ਵਿਸ਼ਾਲ ਨੇ ਧੀ ’ਤੇ ਪੈਟਰੋਲ ਪਾ ਕੇ ਉਸ ਦਾ ਕਤਲ ਕੀਤਾ ਹੈ। ਵਿਸ਼ਾਲ ਨੇ ਉਸ ਨੂੰ ਪਿਆਰ ’ਚ ਧੋਖਾ ਦਿੱਤਾ ਹੈ। ਉਹ ਕਈ ਸਾਲਾਂ ਤੋਂ ਵਿਆਹ ਦੇ ਸੁਫਨੇ ਦਿਖਾ ਰਿਹਾ ਸੀ। ਅੱਗ ਲੱਗਣ ਤੋਂ ਬਾਅਦ ਰਾਣੀ ਚੀਕਣ ਲੱਗੀ। ਵਿਸ਼ਾਲ ਦੌੜ ਕੇ ਪਾਰਕ ਦੇ ਨਾਲ ਲੱਗਦੇ ਪੈਟਰੋਲ ਪੰਪ ’ਤੇ ਗਿਆ ਅਤੇ ਅੱਗ ਬੁਝਾਊ ਯੰਤਰ ਮੰਗਿਆ।

## ਅਮਰੀਕਾ ਭੇਜਣ ਦਾ ਝਾਂਸਾ ਦੇ ਕੇ 13 ਲੱਖ ਠੱਗਣ ਵਾਲੇ ਜੋੜੇ ਖਿਲਾਫ ਮਾਮਲਾ ਦਰਜ

ਟਾਂਡਾ ਉੜਮੁੜ 13 ਅਪ੍ਰੈਲ। ਅਮਰੀਕਾ ਭੇਜਣ ਦਾ ਝਾਂਸਾ ਦੇ ਕੇ ਮੋਹਾ ਵਾਸੀ ਵਿਅਕਤੀ ਨਾਲ 13 ਲੱਖ ਰੁਪਏ ਦੀ ਠੱਗੀ ਮਾਰਨ ਵਾਲੇ ਪਤੀ-ਪਤਨੀ ਖ਼ਿਲਾਫ ਟਾਂਡਾ ਪੁਲਸ ਨੇ ਮਾਮਲਾ ਦਰਜ ਕੀਤਾ ਹੈ। ਥਾਣਾ ਟਾਂਡਾ ਦੇ ਮੁਖੀ ਰਮਨ ਕੁਮਾਰ ਨੇ ਦੱਸਿਆ ਕਿ ਪੁਲਸ ਨੇ ਇਹ ਮਾਮਲਾ ਧੋਖਾਦੇਹੀ ਦਾ ਸ਼ਿਕਾਰ ਹੋਏ ਜੋਧਵੀਰ ਸਿੰਘ ਪੁੱਤਰ ਨਛੱਤਰ ਸਿੰਘ ਦੇ ਬਿਆਨਾਂ ਦੇ ਆਧਾਰ ’ਤੇ ਪੁਲਸ ਨੇ ਨਿਤਿਨ ਮਹੇ ਪੁੱਤਰ ਸ਼ਿਵ ਲਾਲ ਵਾਸੀ ਕਪੂਰ (ਆਦਮਪੁਰ) ਜਲੰਧਰ ਅਤੇ ਉਸ ਦੀ ਪਤਨੀ ਹਰਪ੍ਰੀਤ ਕੌਰ ਖ਼ਿਲਾਫ ਦਰਜ ਕੀਤਾ ਹੈ। ਆਪਣੇ ਬਿਆਨ ਵਿਚ ਜੋਧਵੀਰ ਸਿੰਘ ਨੇ ਦੱਸਿਆ ਕਿ ਉਸ ਨੇ ਇਨ੍ਹਾਂ ਮੁਲਜਮਾਂ ਨੂੰ ਅਮਰੀਕਾ ਜਾਣ ਲਈ ਝਾਂਸੇ ਵਿਚ ਆ ਕੇ ਰਕਮ ਦਿੱਤੀ ਸੀ। ਪਰ ਉਸ ਨੂੰ ਨਾ ਤਾਂ ਵਿਦੇਸ ਭੇਜਿਆ ਅਤੇ ਨਾ ਹੀ ਪੈਸੇ ਵਾਪਸ ਕੀਤੇ। ਪੁਲਸ ਨੇ ਜਾਂਚ ਤੋਂ ਬਾਅਦ ਮਾਮਲਾ ਦਰਜ ਕਰਕੇ ਕਾਰਵਾਈ ਸੁਰੂ ਕਰ ਦਿੱਤੀ ਹੈ।

ਥਾਣੇਦਾਰ ਬਲਬੀਰ ਸਿੰਘ ਹੁਣ ਅਗਲੇਰੀ ਕਾਰਵਾਈ ਕਰ ਰਹੇ ਹਨ।

## ਬੇਗੋਵਾਲ ਪੁਲਸ ਵੱਲੋਂ ਲੁੱਟਾਂ-ਖੋਹਾਂ ਕਰਨ ਵਾਲੇ 3 ਵਿਅਕਤੀ ਗ੍ਰਿਫਤਾਰ

ਭੁਲੱਥ/ਬੇਗੋਵਾਲ 13 ਅਪ੍ਰੈਲ। ਭੁਲੱਥ ਦੇ ਪੈਂਦੇ ਥਾਣਾ ਬੇਗੋਵਾਲ ਦੇ ਏਰੀਆ ਵਿਚ ਨਸਾ ਸਮੱਗਲਰਾਂ/ਚੋਰੀਆਂ ਅਤੇ ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਨੂੰ ਠੱਲ੍ਹ ਪਾਉਣ ਲਈ ਚਲਾਈ ਗਈ ਮੁਹਿੰਮ ਤਹਿਤ ਪੁਲਸ ਨੇ ਲੁੱਟਾਂ-ਖੋਹਾਂ ਕਰਨ ਵਾਲੇ ਗਿਰੋਹ ਦਾ ਪਰਦਾਫਾਸ਼ ਕਰਦੇ ਹੋਏ 3 ਮੁਲਜਮਾਂ ਨੂੰ ਕਾਬੂ ਕੀਤਾ ਹੈ। ਮੁਲਜਮਾਂ ਕੋਲੋਂ ਚੋਰੀ ਕੀਤੇ ਹੋਏ ਮੋਟਰਸਾਈਕਲ ਅਤੇ ਮੋਬਾਇਲ ਬਰਾਮਦ ਕੀਤੇ ਗਏ ਹਨ। ਜਾਣਕਾਰੀ ਅਨੁਸਾਰ ਮੁੱਖ ਅਫਸਰ ਥਾਣਾ ਬੇਗੋਵਾਲ ਇੰਸਪੈਕਟਰ ਅਮਰਜੀਤ ਕੌਰ ਦੀ ਅਗਵਾਈ ਹੇਠ ਏ. ਐੱਸ. ਆਈ. ਬਖਸੀਸ ਸਿੰਘ ਵੱਲੋਂ ਸਮੇਤ ਸਾਥੀਆਂ ਕਰਮਚਾਰੀਆਂ ਨਾਲ ਚਲਾਈ ਗਈ ਮੁਹਿੰਮ ਦੌਰਾਨ ਗੁਰਮੀਤ ਸਿੰਘ ਪੁੱਤਰ ਮਹਿੰਦਰ ਸਿੰਘ, ਤਜਿੰਦਰ ਸਿੰਘ ਪੁੱਤਰ ਬਚਨ ਸਿੰਘ, ਤਲਵਿੰਦਰ ਸਿੰਘ ਪੁੱਤਰ ਨਿਰਮਲ ਸਿੰਘ ਵਾਸੀਆਨ ਘੁਮਾਣ ਜ਼ਿਲਾ ਗੁਰਦਾਸਪੁਰ ਨੂੰ ਗ੍ਰਿਫਤਾਰ ਕਰ ਕੇ ਇਨ੍ਹਾਂ ਕੋਲੋਂ 4 ਮੋਬਾਈਲ ਫੋਨ ਅਤੇ 2 ਮੋਟਰਸਾਈਕਲ ਬਰਾਮਦ ਕੀਤੇ ਹਨ। ਮੁਲਜਮਾਂ ਖ਼ਿਲਾਫ ਮਾਮਲਾ ਦਰਜ ਕਰ ਲਿਆ ਗਿਆ








14 ਅਪ੍ਰੈਲ 2024

ਭਾਰਤੀ ਸੰਵਿਧਾਨ ਦੇ ਮਹਾਨ ਵਾਸਤੂਕਾਰ ਅਤੇ ਨਿਰਮਾਤਾ

ਬਾਬਾ ਸਾਹੇਬ ਡਾੱ. ਭੀਮਰਾਵ ਅੰਬੇਡਕਰ ਜੀ

ਦੇ 133 ਵੇਂ ਜਨਮ ਦਿਵਸ ’ਤੇ ਸ਼ਤ-ਸ਼ਤ ਨਮਨ

DIP/Shabdarth/Display/0002/24-25

ਅ.ਜਾ./ਅ.ਜ.ਜਾ./ਅ.ਪਿ.ਵ. ਕਲਿਆਣ ਵਿਭਾਗ, ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਸਰਕਾਰ

ਬੀ-ਬਲੱਾਕ, ਵਿਕਾਸ ਭਵਨ, ਦੂਜੀ ਮੰਜਿਲ, ਆਈ.ਪੀ.ਏਸਟੇਟ, ਨਵੀਂ ਦਿੱਲੀ-110002

# ਪਿੱਕਅੱਪ ਨੇ ਆਟੋ ਅਤੇ ਸਾਈਕਲ ਨੂੰ ਮਾਰੀ ਟੱਕਰ; ਔਰਤ ਸਣੇ ਤਿੰਨ ਹਲਾਕ

**➢ ਦੋ ਜ਼ਖ਼ਮੀ, ਇੱਕ ਦੀ ਹਾਲਤ ਗੰਭੀਰ ➢ ਔਰਤ ਦੀ ਧੌਣ ਧੜ ਤੋਂ ਵੱਖ ਹੋਈ**

**ਸਮਾਲਸਰ, 13 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੋਗਾ ਤੋਂ ਕੋਟਕਪੂਰਾ ਜਾ ਰਹੇ ਮਹਿੰਦਰਾ ਪਿੱਕਅੱਪ ਟਰੱਕ ਨੇ ਅੱਜ ਇੱਥੇ ਪੰਜ ਵਿਅਕਤੀਆਂ ਨੂੰ ਟੱਕਰ ਮਾਰ ਦਿੱਤੀ, ਜਿਨ੍ਹਾਂ ਵਿਚੋਂ ਇੱਕ ਔਰਤ ਸਣੇ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਜਦਕਿ ਦੋ ਹੋਰ ਜ਼ਖ਼ਮੀ ਹੋਏ ਹਨ। ਜ਼ਖ਼ਮੀਆਂ ਨੂੰ ਇਲਾਜ ਲਈ ਗੁਰੂ ਗੋਬਿੰਦ ਮੈਡੀਕਲ ਕਾਲਜ ਫਰੀਦਕੋਟ ਲਿਜਾਇਆ ਗਿਆ ਹੈ।



ਜਾਣਕਾਰੀ ਅਨੁਸਾਰ ਮੋਗਾ-ਕੋਟਕਪੂਰਾ ਹਾਈਵੇਅ ’ਤੇ ਸਮਾਲਸਰ ਦੇ ਮੇਨ ਬਾਜ਼ਾਰ ’ਚ ਇੱਕ ਮਹਿੰਦਰਾ ਪਿੱਕਅੱਪ ਟਰੱਕ ਪੀਬੀ-31 ਪੀ-3608 ਜੋ ਕਿ ਮੋਗਾ ਤੋਂ ਕੋਟਕਪੂਰਾ ਜਾ ਰਿਹਾ ਸੀ ਨੇ ਓਵਰਟੇਕ ਕਰਦੇ ਸਮੇਂ ਸਾਹਮਣੇ ਜਾ ਰਹੇ ਸਾਈਕਲ ਸਵਾਰ ਚੇਤੰਨ ਸਿੰਘ ਚੰਨਾ (55) ਪੁੱਤਰ ਮੁਖਤਿਆਰ ਸਿੰਘ ਵਾਸੀ ਸਮਾਲਸਰ ਨੂੰ ਕੁਚਲਣ ਮਗਰੋਂ ਅੱਗੇ ਇੱਕ ਆਟੋਰਿਕਸ਼ਾ ਵਿੱਚ ਘਰ ਦਾ ਸੌਦਾ ਲੈ ਕੇ ਜਾ ਰਹੇ ਸਾਬਕਾ ਥਾਣੇਦਾਰ ਨਾਹਰ ਸਿੰਘ ਤੇ ਉਸ ਦੀ ਪਤਨੀ ਜਸਪਾਲ ਕੌਰ ਅਤੇ ਆਟੋ ਚਾਲਕ ਸੁਰਜੀਤ ਸਿੰਘ ਪੁੱਤਰ ਹਜ਼ੂਰਾ ਸਿੰਘ ਨੂੰ ਟੱਕਰ ਮਾਰ ਦਿੱਤੀ। ਲੋਕਾਂ ਨੇ ਦੱਸਿਆ ਕਿ ਘਟਨਾ ’ਚ ਜਸਪਾਲ ਕੌਰ ਦਾ ਧੜ ਸਿਰ ਨਾਲੋਂ ਵੱਖ ਹੋ ਗਿਆ। ਨਾਹਰ ਸਿੰਘ, ਸੁਰਜੀਤ ਸਿੰਘ, ਚੇਤੰਨ ਸਿੰਘ ਨੂੰ 108 ਐਂਬੂਲੈਂਸ ਰਾਹੀਂ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਲਿਜਾਇਆ ਗਿਆ ਜਿਥੇ ਡਾਕਟਰਾਂ ਨੇ ਸੁਰਜੀਤ ਸਿੰਘ ਅਤੇ ਚੇਤੰਨ ਸਿੰਘ ਨੂੰ ਮ੍ਰਿਤਕ ਐਲਾਨ ਦਿੱਤਾ। ਨਾਹਰ ਸਿੰਘ ਨੂੰ ਆਈਯੂਸੀ ਵਿੱਚ ਰੱਖਿਆ ਗਿਆ ਹੈ ਜਿੱਥੇ ਉਸ ਦੀ ਹਾਲਤ ਗੰਭੀਰ ਦੱਸੀ ਜਾ ਰਹੀ। ਜਦਕਿ ਇਥੇ ਕੁਲਫੀਆਂ ਦੀ ਰੇਹੜੀ ਲਾਉਂਦੇ ਗੋਪਾਲ ਸਿੰਘ ਪੁੱਤਰ ਰਾਧਾ ਕ੍ਰਿਸ਼ਨ ਨੂੰ ਕਾਫੀ ਸੱਟਾਂ ਲੱਗੀਆਂ ਹਨ। ਪੁਲੀਸ ਨੇ ਦੱਸਿਆ ਕਿ ਨਾਹਰ ਸਿੰਘ ਤੇ ਉਸ ਦੀ ਪਤਨੀ ਜਸਪਾਲ ਕੌਰ ਨਾਲ ਸੌਦਾ ਖਰੀਦਣ ਮਗਰੋਂ ਹਾਲੇ ਆਟੋ ਵਿੱਚ ਬੈਠ ਹੀ ਰਹੇ ਸਨ ਕਿ ਘਟਨਾ ਵਾਪਰ ਗਈ। ਸੂਚਨਾ ਮਿਲਣ ’ਤੇ ਸਮਾਲਸਰ ਪੁਲੀਸ ਦੇ ਥਾਣਾ ਮੁਖੀ ਦਿਲਬਾਗ ਸਿੰਘ ਬਰਾੜ ਮੁਲਾਜ਼ਮਾਂ ਸਣੇ ਮੌਕੇ ’ਤੇ ਪਹੁੰਚੇ ਤੇ ਅਗਲੇਰੀ ਕਾਰਵਾਈ ਸ਼ੁਰੂ ਕੀਤੀ। ਬਰਾੜ ਨੇ ਦੱਸਿਆ ਕਿ ਨਾਹਰ ਸਿੰਘ ਦੇ ਭਰਾ ਗੁਰਮੇਲ ਸਿੰਘ ਦੇ ਬਿਆਨਾਂ ’ਤੇ ਵਿਕਰਮ ਸਿੰਘ ਉਰਫ਼ ਬਾਬਾ ਵਾਸੀ ਅਬੋਹਰ ਖ਼ਿਲਾਫ਼ ਕੇਸ ਦਰਜ ਕਰ ਕੇ ਕੇਸ ਦਰਜ ਕੀਤਾ ਜਾ ਰਿਹਾ ਹੈ।

# ਕਿਸਾਨਾਂ ਦਾ ਵਫ਼ਦ ਡਿਪਟੀ ਕਮਿਸ਼ਨਰ ਨੂੰ ਮਿਲਿਆ

**ਪਟਿਆਲਾ, 13 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਜ਼ਿਲ੍ਹਾ ਪ੍ਰਧਾਨ ਨਰਿੰਦਰ ਸਿੰਘ ਲੇਹਲਾਂ ਦੀ ਅਗਵਾਈ ਵਿੱਚ ਇੱਕ ਵਫਦ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੂੰ ਮਿਲਿਆ। ਵਫਦ ਵਿੱਚ ਲੇਹਲਾਂ ਦੇ ਨਾਲ ਗੁਰਚਰਨ ਸਿੰਘ ਪਰੌੜ, ਮਲਕੀਤ ਸਿੰਘ ਜੁਲਹਾਖੇੜੀ ਅਤੇ ਇਕਬਾਲ ਸਿੰਘ ਜਲਾਲਾਬਾਦ ਆਦਿ ਵੀ ਹਾਜ਼ਰ ਸਨ। ਇਸ ਮੌਕੇ ਨਰਿੰਦਰ ਸਿੰਘ ਲੇਹਲਾਂ ਨੇ ਦੱਸਿਆ ਕਿ ਉਨ੍ਹਾਂ ਨੇ ਪਹਿਲਾਂ ਵੀ ਡਿਪਟੀ ਕਮਿਸ਼ਨਰ ਪਟਿਆਲਾ ਨੂੰ ਮਿਲ ਕੇ ਮੰਗ ਕੀਤੀ ਸੀ ਕਿ ਦੇਵੀਗੜ੍ਹ ਇਲਾਕੇ ਵਿੱਚ ਝੋਨੇ ਦੀ ਪਰਾਲੀ ਤੋਂ ਬਿਜਲੀ ਪੈਦਾ ਕਰਨ ਵਾਲਾ ਬਾਇਓਮਾਸ ਪਲਾਂਟ ਲਾਇਆ ਜਾਵੇ ਪਰ ਸਰਕਾਰ ਨੇ ਕਿਸਾਨਾਂ ਦੀ ਇਸ ਮੰਗ ਵੱਲ ਧਿਆਨ ਨਹੀਂ ਦਿੱਤਾ। ਇਸ ਕਰਕੇ ਹੀ ਇਸ ਵਾਰ ਜਿਹੜੇ ਲੋਕਾਂ ਨੇ ਆਪਣੀਆਂ ਮਸ਼ੀਨਾਂ ਨਾਲ ਪਰਾਲੀ ਵਾਲੀਆਂ ਗੰਢਾਂ ਬਣਾਈਆਂ ਸਨ ਉਹ ਇਲਾਕੇ ਵਿੱਚ ਪਰਾਲੀ ਨਾਲ ਚੱਲਣ ਵਾਲਾ ਕੋਈ



ਕਾਰਖਾਨਾਂ ਨਾ ਹੋਣ ਕਰਕੇ ਨਹੀਂ ਵਿੱਕੀਆਂ। ਜਿਸ ਕਰਕੇ ਅਗਲੇ ਪਰਾਲੀ ਦੇ ਸੀਜਨ ਮੌਕੇ ਬਹੁਤ ਸਾਰੇ ਲੋਕ ਮਸ਼ੀਨਾਂ ਨਾਲ ਪਰਾਲੀ ਨਹੀਂ ਬਣਾਉਣਗੇ ਅਤੇ ਕਿਸਾਨ ਫਿਰ ਪਰਾਲੀ ਨੂੰ ਅੱਗਾਂ ਲਗਾਉਣਗੇ। ਲੇਹਲਾਂ ਨੇ ਕਿਹਾ ਕਿ ਆਉਣ ਵਾਲੇ ਸਮੇਂ ਦੌਰਾਨ ਜੇਕਰ ਸਰਕਾਰ ਨੇ ਦੇਵੀਗੜ੍ਹ ਇਲਾਕੇ ਵਿੱਚ ਪਰਾਲੀ ਨਾਲ ਚੱਲਣ ਵਾਲਾ ਕਾਰਖਾਨਾਂ ਨਾ ਲਗਾਇਆ ਤਾਂ ਕਿਸਾਨਾਂ ਨੂੰ ਮਜਬੂਰੀ ਵੱਸ ਪਰਾਲੀ ਨੂੰ ਅੱਗ ਲਗਾਉਣੀ ਪਵੇਗੀ।

# ਡਾ. ਰਵਿੰਦਰ ਸਿੰਘ ਰਵੀ ਯਾਦਗਾਰੀ ਭਾਸ਼ਣ



ਪੰਜਾਬੀ ਯੂਨੀਵਰਸਿਟੀ ਵਿੱਚ ਸਮਾਗਮ ਨੂੰ ਸੰਬੋਧਨ ਕਰਦਾ ਹੋਇਆ ਬੁਲਾਰਾ। ਫ਼ੋਟੋ : ਪ੍ਰੈਸ ਕੀ ਤਾਕਤ

**ਪਟਿਆਲਾ, 13 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਦੇਸ਼ ਦੇ ਉਨ੍ਹਾਂ ਚੋਣਵਿਆਂ ਅਦਾਰਿਆਂ ’ਚੋਂ ਇੱਕ ਹੈ ਜਿੱਥੇ ਹਰ ਤਰ੍ਹਾਂ ਦੇ ਖਿਆਲ ਬਾਰੇ ਖੁੱਲ੍ਹ ਕੇ ਗੱਲ ਕੀਤੀ ਜਾ ਸਕਦੀ ਹੈ। ਇਹ ਵਿਚਾਰ ਉਪ ਕੁਲਪਤੀ ਪ੍ਰੋ. ਅਰਵਿੰਦ ਵੱਲੋਂ ਡਾ. ਰਵਿੰਦਰ ਸਿੰਘ ਰਵੀ ਯਾਦਗਾਰੀ ਭਾਸ਼ਣ ਦੀ ਪ੍ਰਧਾਨਗੀ ਕਰਦਿਆਂ ਪ੍ਰਗਟਾਏ ਗਏ। ਇਸ ਦੌਰਾਨ ਉਨ੍ਹਾਂ ਕਿਹਾ ਕਿ ਯੂਨੀਵਰਸਿਟੀਆਂ ਵਿੱਚ ਅਜਿਹੇ ਮਾਹੌਲ ਦੀ ਬਰਕਰਾਰੀ ਲਈ ਨਿਰੰਤਰ ਯਤਨ ਕੀਤੇ ਜਾਣੇ ਚਾਹੀਦੇ ਹਨ।

ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵੱਲੋਂ ਐਜੂਕੇਸ਼ਨਲ ਮਲਟੀਮੀਡੀਆ ਰਿਸਰਚ ਸੈਂਟਰ ਦੇ ਸਹਿਯੋਗ ਨਾਲ ਕਰਵਾਇਆ ਗਿਆ ਇਹ ਭਾਸ਼ਣ ਇਸ ਵਾਰ ਸਟਾਕਹੋਮ ਯੂਨੀਵਰਸਿਟੀ, ਸਵੀਡਨ ਦੇ ਪ੍ਰੋਫ਼ੈਸਰ ਐਮੀਰੀਟਸ ਡਾ. ਇਸ਼ਤਿਆਕ ਅਹਿਮਦ ਨੇ ਦਿੱਤਾ। ਉਨ੍ਹਾਂ ਮਨੁੱਖੀ ਪਛਾਣ ਦੀ ਪੇਚੀਦਗੀ: ਦੱਖਣੀ ਏਸ਼ੀਆ ਦਾ ਤਜਰਬਾ ਵਿਸ਼ੇ ’ਤੇ ਆਪਣੀ ਗੱਲ ਕੀਤੀ।

ਉਨ੍ਹਾਂ ਦੇਸ਼ ਵੰਡ ਅਤੇ ਮਨੁੱਖੀ ਫਿਤਰਤ ਦੇ ਹਵਾਲੇ ਨਾਲ ਬਹੁਤ ਸਾਰੀਆਂ ਅਹਿਮ ਟਿੱਪਣੀਆਂ ਕਰਦਿਆਂ ਤਕਰੀਬਨ 3000 ਸਾਲ ਪੁਰਾਣੇ ਮਨੁੱਖੀ ਇਤਿਹਾਸ ਵਿੱਚੋਂ ਉਦਾਹਰਣਾਂ ਪੇਸ਼ ਕੀਤੀਆਂ।

ਉਨ੍ਹਾਂ ਕਿਹਾ ਕਿ 1947 ਦੀ ਵੰਡ ਦੇਸ਼ ਦੀ ਵੰਡ ਨਹੀਂ ਸੀ ਬਲਕਿ ਅਸਲ ਅਰਥਾਂ ਵਿੱਚ ਵੇਖਿਆ ਜਾਵੇ ਤਾਂ ਇਹ ਪੰਜਾਬ ਦੀ ਵੰਡ ਸੀ। ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਪ੍ਰੋ. ਹਰਿਭਜਨ ਸਿੰਘ ਭਾਟੀਆ ਨੇ ਕਿਹਾ ਕਿ ਯੂਨੀਵਰਸਿਟੀਆਂ ਉਹ ਥਾਂ ਹੁੰਦੀਆਂ ਹਨ ਜਿੱਥੇ ਸਹਿਣਸ਼ੀਲਤਾ ਅਤੇ ਸੰਵਾਦ ਵਾਲਾ ਮਾਹੌਲ ਹੋਵੇ। ਡਾ. ਇਸ਼ਤਿਆਕ ਅਹਿਮਦ ਦੇ ਭਾਸ਼ਣ ਬਾਰੇ ਉਨ੍ਹਾਂ ਕਿਹਾ ਕਿ ਉਨ੍ਹਾਂ ਮਹਿਸੂਸ ਕੀਤੀਆਂ ਧਾਰਨਾਵਾਂ ਨਾਲ ਭਰਪੂਰ ਪਾਏਦਾਰ ਗੱਲਾਂ ਸਭ ਦੇ ਸਾਹਮਣੇ ਰੱਖੀਆਂ ਹਨ। ਵਿਸ਼ੇਸ਼ ਬੁਲਾਰੇ ਵਜੋਂ ਸ਼ਾਮਲ ਹੋਏ ਪ੍ਰੋ. ਰਾਜੇਸ਼ ਸ਼ਰਮਾ ਨੇ ਵੀ ਆਪਣੇ ਵਿਚਾਰ ਰੱਖੇ। ਪ੍ਰੋਗਰਾਮ ਕੋਆਰਡੀਨੇਟਰ ਡਾ. ਸੁਰਜੀਤ ਸਿੰਘ ਨੇ ਦੱਸਿਆ ਕਿ ਇਹ ਇਸ ਲੜੀ ਦਾ ਪੰਜਵਾਂ ਭਾਸ਼ਣ ਹੈ। ਸਵਾਗਤੀ ਭਾਸ਼ਣ ਡਾ. ਗੁਰਮੁਖ ਸਿੰਘ ਨੇ ਦਿੱਤਾ ਜਦੋਂ ਕਿ ਧੰਨਵਾਦੀ ਸ਼ਬਦ ਦਲਜੀਤ ਅਮੀ ਵੱਲੋਂ ਬੋਲੇ ਗਏ।

# ਦੋ ਰੋਜ਼ਾ ਆਯੁਰਵੈਦਿਕ ਕੈਂਪ ਵਿੱਚ 110 ਮਰੀਜ਼ਾਂ ਨੇ ਲਿਆ ਸਿਹਤ ਲਾਭ : ਸਵਾਮੀ ਧੀਰਾਨੰਦ



**ਜਲਾਲਾਬਾਦ, 13 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵਲੋਂ ਜਲਾਲਾਬਾਦ ਦੇ ਸ਼੍ਰੀ ਹਰਕਿਸ਼ਨ ਗਾਰਡਨ ਵਿਖੇ ਕਰਵਾਈ ਜਾ ਰਹੀ ਸੱਤ ਰੋਜ਼ਾ ਸ਼੍ਰੀ ਰਾਮ ਕਥਾ ਦੌਰਾਨ ਮੁਫਤ ਆਯੁਰਵੈਦਿਕ ਚੈਕਅੱਪ ਕੈਂਪ ਲਗਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਾਧਵੀ ਸ਼੍ਰੀਮਤੀ ਅਮਰਾ ਭਾਰਤੀ ਜੀ ਨੇ ਦੱਸਿਆ ਕਿ ਸੰਸਥਾ ਵੱਲੋਂ ਚਲਾਏ ਜਾ ਰਹੇ ਸ਼੍ਰੀ ਆਸ਼ੂਤੋਸ਼ ਮਹਾਰਾਜ ਮੈਡੀਕਲ ਸੈਂਟਰ ਵੱਲੋਂ ਸੱਤ ਰੋਜ਼ਾ ਸ਼੍ਰੀ ਰਾਮ ਕਥਾ ਦੌਰਾਨ ਦੋ ਰੋਜ਼ਾ ਮੁਫਤ ਆਯੁਰਵੈਦਿਕ ਚੈਕਅੱਪ ਕੈਂਪ ਲਗਾਇਆ ਗਿਆ। ਜਿਸ ਵਿੱਚ ਸੰਸਥਾ ਦੀ ਤਰਫੋਂ ਵੈਦਿਆ ਸ਼੍ਰੀ ਰਾਜਕੁਮਾਰ ਜੀ ਵਿਸ਼ੇਸ਼ ਰੂਪ ਵਿੱਚ ਪਹੁੰਚੇ। ਵੈਦਿਆ ਜੀ ਵੱਲੋਂ ਲੋਕਾਂ ਦਾ ਨਾੜੀ ਪ੍ਰੀਖਣ ਕੀਤਾ ਗਿਆ, ਉਹਨਾਂ ਦੀ ਮੁਫਤ ਸਿਹਤ ਜਾਂਚ ਅਤੇ ਸਲਾਹ-ਮਸ਼ਵਰਾ ਕੀਤਾ ਗਿਆ ਜਾਂ ਮਰੀਜਾਂ ਨੂੰ ਉਹਨਾਂ ਦੀਆਂ ਬਿਮਾਰੀਆਂ ਸਬੰਧੀ ਹੱਲ ਕਰਵਾਇਆ ਗਿਆ। ਵੈਦਿਆ ਰਾਜਕੁਮਾਰ ਜੀ ਨੇ ਦੱਸਿਆ ਕਿ ਆਯੂਰਵੇਦ ਪ੍ਰਣਾਲੀ ਭਾਰਤੀ ਸੰਸਕ੍ਰਿਤੀ ਦਾ ਅਨਮੋਲ ਰਤਨ ਹੈ। ਆਯੁਰਵੇਦ ਜਿਸ ਵੀ ਬਿਮਾਰੀ ਦਾ ਇਲਾਜ ਕਰਦਾ ਹੈ, ਉਹ ਇਸ ਬਿਮਾਰੀ ਨੂੰ ਜੜ੍ਹ ਤੋਂ ਖ਼ਤਮ ਕਰ ਦਿੰਦਾ ਹੈ। ਆਯੁਰਵੈਦਿਕ ਦਵਾਈਆਂ ਦਾ ਸਰੀਰ ’ਤੇ ਕੋਈ ਬੁਰਾ ਪ੍ਰਭਾਵ ਨਹੀਂ ਪੈਂਦਾ।

ਵੱਖ-ਵੱਖ ਕਿਸਮ ਦੀਆਂ ਜੜ੍ਹੀਆਂ ਬੂਟੀਆਂ ਤੋਂ ਦਵਾਈਆਂ ਤਿਆਰ ਕੀਤੀਆਂ ਜਾਂਦੀਆਂ ਹਨ ਜੋ ਸਾਡੇ ਸਰੀਰ ਲਈ ਬਹੁਤ ਫਾਇਦੇਮੰਦ ਹੁੰਦੀਆਂ ਹਨ। ਉਨ੍ਹਾਂ ਦੱਸਿਆ ਕਿ ਖਾਣ-ਪੀਣ ਦੀਆਂ ਗਲਤ ਆਦਤਾਂ ਅਤੇ ਗਲਤ ਜਾਣਕਾਰੀ ਕਾਰਨ ਅੱਜ ਲੋਕ ਕਿਸੇ ਨਾ ਕਿਸੇ ਬੀਮਾਰੀ ਦਾ ਸ਼ਿਕਾਰ ਹੋ ਰਹੇ ਹਨ।ਵਾਤ, ਪਿੱਤਾ ਅਤੇ ਕਫ ਸਾਡੇ ਸਰੀਰ ਨੂੰ ਸੰਤੁਲਿਤ ਰੱਖਦੇ ਹਨ, ਇਸ ਲਈ ਆਯੁਰਵੇਦ ਵਿਚ ਹਰ ਬੀਮਾਰੀ ਇਨ੍ਹਾਂ ਤਿੰਨਾਂ ’ਤੇ ਆਧਾਰਿਤ ਹੈ ਜੇਕਰ ਇਹ ਵਧ ਜਾਵੇ ਤਾਂ ਸਰੀਰ ਅਸੰਤੁਲਿਤ ਹੋ ਜਾਂਦਾ ਹੈ ਅਤੇ ਕਈ ਬਿਮਾਰੀਆਂ ਪੈਦਾ ਹੁੰਦੀਆਂ ਹਨ। ਨਾੜੀ ਪ੍ਰੀਖਣ ਦਾ ਮੁੱਖ ਮੰਤਵ ਦੇਸ਼ਾਂ ਵਿੱਚ ਬਿਮਾਰੀਆਂ ਦੀ ਪ੍ਰਬਲਤਾ ਦਾ ਪਤਾ ਲਗਾਉਣਾ ਹੈ।ਜਦੋਂ ਬਿਮਾਰੀ ਦਾ ਕਾਰਨ ਪਤਾ ਲੱਗ ਜਾਂਦਾ ਹੈ ਤਾਂ ਇਸਦਾ ਇਲਾਜ ਵੀ ਆਸਾਨ ਹੋ ਜਾਂਦਾ ਹੈ।ਸਵਾਮੀ ਧੀਰਾਨੰਦ ਜੀ ਨੇ ਦੱਸਿਆ ਕਿ ਇਸ ਦੋ ਰੋਜ਼ਾ ਆਯੁਰਵੈਦਿਕ ਕੈਂਪ ਵਿੱਚ 110 ਦੇ ਕਰੀਬ ਮਰੀਜਾਂ ਨੇ ਲਾਭ ਲਿਆ। ਉਨ੍ਹਾਂ ਕਿਹਾ ਕਿ ਸੰਸਥਾ ਵੱਲੋਂ ਸਮੇਂ-ਸਮੇਂ ’ਤੇ ਦੇਸ਼ ਵਿੱਚ ਵੱਖ-ਵੱਖ ਥਾਵਾਂ ’ਤੇ ਅਜਿਹੇ ਕੈਂਪ ਲਗਾਏ ਜਾਂਦੇ ਹਨ। ਤਾਂ ਜੋ ਲੋਕ ਲਾਭ ਉਠਾ ਸਕਣ ਅਤੇ ਆਯੁਰਵੈਦਿਕ ਦੀ ਮਹੱਤਤਾ ਨੂੰ ਪਛਾਣ ਸਕਣ।

# ਸਰਕਾਰੀ ਸਕੂਲ ਦੇ ਹੋਣਹਾਰ ਵਿਦਿਆਰਥੀ ਸਨਮਾਨੇ



**ਦੇਵੀਗੜ੍ਹ, 13 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਐਲੀਮੈਂਟਰੀ ਸਕੂਲ ਕਪੂਰੀ ਵਿੱਚ ਪੰਜਵੀਂ ਜਮਾਤ ’ਚ 500 ਵਿੱਚੋਂ 500 ਅੰਕ ਲੈ ਕੇ ਪੰਜਾਬ ਭਰ ਵਿੱਚ ਸਕੂਲ ਤੇ ਪਿੰਡ ਦਾ ਨਾਮ ਚਮਕਾਉਣ ਵਾਲੀ ਬੱਚੀ ਰਮਨੀਤ ਕੌਰ ਦਾ ਜਿੱਥੇ ਸਨਮਾਨ ਕੀਤਾ ਗਿਆ ਉੱਥੇ ਹੀ ਪੰਜਵੀਂ ਦੇ ਬਾਕੀ ਸਾਰੇ ਪਾਸ ਵਿਦਿਆਰਥੀਆਂ ਨੂੰ ਵੀ ਵਿੱਤੀ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ। ਸਕੂਲ ਮੁਖੀ ਜਗਜੀਤ ਸਿੰਘ ਵਾਲੀਆ ਨੇ ਦੱਸਿਆ ਕਿ ਪਿੰਡ ਦੇ ਮੋਹਤਬਰ ਲਖਵੀਰ ਸਿੰਘ, ਐੱਨਆਰਆਈ ਰਣਬੀਰ ਸਿੰਘ ਤੇ ਉਨ੍ਹਾਂ ਦੇ ਪਿਤਾ ਤੇਜਾ ਸਿੰਘ ਵੱਲੋਂ ਬੱਚਿਆਂ ਨੂੰ ਵਿੱਤੀ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ। ਲਖਵੀਰ ਸਿੰਘ ਨੇ ਪਹਿਲੇ ਨੰਬਰ ’ਤੇ ਆਈ ਬੱਚੀ ਰਵਨੀਤ ਕੌਰ ਨੂੰ 3100 ਰੁਪਏ ਤੇ ਬਾਕੀ ਬੱਚਿਆਂ ਨੂੰ 500-500 ਦਿੱਤੇ ਗਏ। ਇਸੇ ਤਰ੍ਹਾਂ ਤੇਜਾ ਸਿੰਘ ਤੇ ਉਨ੍ਹਾਂ ਦੇ ਪੁੱਤਰ ਰਣਬੀਰ ਸਿੰਘ ਵੱਲੋਂ ਰਵਨੀਤ ਕੌਰ ਨੂੰ 5100 ਤੇ ਬਾਕੀ ਵਿਦਿਆਰਥੀਆਂ ਨੂੰ 500-500 ਰੁਪਏ ਦਿੱਤੇ ਗਏ। ਸਕੂਲ ਦੀ ਬਿਹਤਰੀ ਵਾਸਤੇ ਵੀ ਪਿੰਡ ਵਾਸੀਆਂ ਵੱਲੋਂ 5100 ਰੁਪਏ ਸਕੂਲ ਦੇ ਅਧਿਆਪਕਾਂ ਨੂੰ ਸੌਂਪੇ ਗਏ। ਇਸ ਸਮੇਂ ਸਕੂਲ ਅਧਿਆਪਕ ਹਰਪ੍ਰੀਤ ਸਿੰਘ ਉੱਪਲ ਤੇ ਸਤਵਿੰਦਰ ਨੇ ਪਿੰਡ ਵਾਸੀਆਂ ਵੱਲੋਂ ਕੀਤੇ ਗਏ ਸਨਮਾਨ ਲਈ ਉਨ੍ਹਾਂ ਦਾ ਧੰਨਵਾਦ ਕੀਤਾ।

# ਪ੍ਰਾਈਵੇਟ ਸਕੂਲ ਕਰ ਰਹੇ ਹਨ ਸਿੱਖਿਆ ਦੇ ਨਾਮ ਤੇ ਅੰਨੀ ਲੁੱਟ

## ਬੱਚਿਆਂ ਦੀਆਂ ਕਿਤਾਬਾਂ ’ਤੇ ਹੋ ਰਹੀ ਕਾਲਾਬਜਾਰੀ ਗਿਣੇ ਚੁਣੇ ਬੁੱਕ ਸਟੋਰਾਂ ਤੋਂ ਮਿਲਦੀਆ ਨੇ ਕਿਤਾਬ ਬਿਨਾਂ ਕਿਸੇ ਬਿੱਲ ਤੋਂ : ਲਾਧੂਕਾ

**ਜਲਾਲਾਬਾਦ, 13 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਦੇ ਇਸ ਵਿਗਿਆਨਕ ਯੁੱਗ ਵਿਚ ਵਿੱਦਿਆ ਬਹੁਤ ਜਰੂਰੀ ਹੈ, ਪਰ ਹੁਣ ਇਹ ਗਰੀਬ ਅਤੇ ਆਮ ਲੋਕਾਂ ਦੇ ਬੱਚਿਆ ਤੋ ਕੋਹਾ ਦੂਰ ਹੁੰਦੀ ਜਾ ਰਹੀ ਹੈ. ਇਸ ਵਿੱਚ ਵੀ ਪ੍ਰਾਈਵੇਟ ਸੈਕਟਰ ਨੇ ਆਪਣਾ ਕਬਜਾ ਕਰ ਲਿਆ ਹੈ.. ਇਹਦਾ ਸਭ ਤੋ ਵੱਡਾ ਕਾਰਨ ਸਰਕਾਰੀ ਸਕੂਲਾਂ ਦਾ ਡਿੱਗ ਰਿਹਾ ਸਿੱਖੀਆ ਦਾ ਮਿਆਰ ਸਹੂਲਤਾ ਤੇ ਵੱਡਾ ਮੁੱਖ ਕਾਰਨ ਸਰਕਾਰੀ ਸਕੂਲਾਂ ਵਿੱਚ ਟਿਚਰਾਂ ਦੀ ਘਾਟ ਸਰਕਾਰ ਨੇ ਸਕੂਲ ਨੂੰ ਸਮਰਾਟ ਤਾਂ ਕਰ ਦਿੱਤਾ ਹੈ ਪਰ ਬੱਚੇ ਸਮਰਾਟ ਕਰਨ ਵਾਲੇ ਟੀਚਰ ਸਕੂਲਾ ਵਿੱਚ ਮਿਲਦੇ ਨਹੀ.. ਜਿਸ ਕਾਰਨ ਬੱਚਿਆ ਦੇ ਮਾਪੇ ਨਿਰਾਸ ਹੋ ਕੇ ਪ੍ਰਾਈਵੇਟ ਸਕੂਲਾ ਵਿੱਚ ਆਪਣੇ ਬੱਚੇ ਪੜਾਉਣ ਲਈ ਮਜਬੂਰ ਹਨ... ਇਸ ਮਜਬੂਰੀ ਦਾ ਫਾਇਦਾ ਚੁੱਕ ਕੇ ਇਹ ਪ੍ਰਾਈਵੇਟ ਸਕੂਲ ਆਪਣੀ ਮੰਨ ਮਰਜੀ ਕਰਦੇ ਹਨ।



ਉਹਨਾ ਦੀਆ ਆਪਣੀਆ ਖਾਸ ਦੁਕਾਨਾ ਜਿੱਥੋ ਬੱਚਿਆ ਦਾ ਪੜਾਈ ਦਾ ਸਮਾਨ ਤੇ ਹੋਰ ਜਰੂਰ ਚੀਜਾ ਉਹਨਾ ਖਾਸ ਦੁਕਾਨਾ ਤੋ ਮਿਲਦੀਆ ਹਨ... ਜਿੱਥੇ ਉਹ ਹਰ ਸਾਲ ਕਿਤਾਬਾਂ ਦਾ ਆਪਣੀ ਮੰਨ ਮਰਜੀ ਦਾ ਰੇਟ ਲਾਉਦੇ ਹਨ ਬਿਨਾ ਕਿਸੇ ਬਿੱਲ ਤੋ.. ਇਸ ਤਰਾ ਦੀਆ ਹੋਰ ਬਹੁਤ ਵਧੀਕੀਆ ਇਹਨਾ ਬੱਚਿਆ ਤੇ ਉਹਨਾ ਤੇ ਮਾਪਿਆ ਨਾਲ ਕੀਤੀਆ ਜਾ ਰਹੀਆ ਹਨ।

ਇਹ ਵਿਚਾਰ ਕ੍ਰਾਤੀਕਾਰੀ ਕਿਸਾਨ ਯੂਨੀਆਨ ਪੰਜਾਬ ਫਾਜਿਲਕਾ ਦੇ ਜਿਲ੍ਹਾ ਪ੍ਰਧਾਨ ਸੁਰਿੰਦਰ ਲਾਧੂਕਾ ਤੇ ਸੁਖਦੀਪ ਲਾਧੂਕਾ ਨੇ ਪ੍ਰੈਸ ਨਾਲ ਸਾਝੇ ਕੀਤੇ ਅਤੇ ਮੌਜੂਦਾ ਵਿਧਾਇਕ ਅਤੇ ਪ੍ਰਸਾਸਨ ਨੂੰ ਬੇਨਤੀ ਕੀਤੀ ਇਸ ਲੁੱਟ ਤੇ ਰੋਕ ਲਗਾਈ ਜਾਵੇ.. ਬੱਚਿਆ ਦੇ ਭਵਿੱਖ ਨਾਲ ਹੋ ਰਹੇ ਖਿਲਵਾੜ ਨੂੰ ਬੰਦ ਕੀਤਾ ਜਾਵੇ।

# ਚੈਤਰ ਨਵਰਾਤਰੀ ਮੌਕੇ ਚਿੰਤਪੁਰਨੀ ਤੋਂ ਲਿਆਂਦੀ ਗਈ ਪਵਿੱਤਰ ਜੋਤ ਲਗਾਈ ਗਈ

**ਜਲਾਲਾਬਾਦ, 13 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਚੈਤਰ ਨਵਰਾਤਰੀ ਦੇ ਪਹਿਲੇ ਦਿਨ ਸ਼ਹਿਰ ਦੇ ਵੱਖ-ਵੱਖ ਮੰਦਰਾਂ ’ਚ ਨਤਮਸਤਕ ਦੇਖਣ ਨੂੰ ਮਿਲੇ ਅਤੇ ਸਵੇਰ ਤੋਂ ਹੀ ਮੰਦਰਾਂ ’ਚ ਸ਼ਰਧਾਲੂਆਂ ਦੀ ਭਾਰੀ ਭੀੜ ਲੱਗੀ ਰਹੀ। ਸ਼ਰਧਾਲੂਆਂ ਨੇ ਮਾਂ ਦੁਰਗਾ ਨੂੰ ਨਾਰੀਅਲ, ਚੁੰਨੀ, ਸਜਾਵਟ ਅਤੇ ਪੂਜਾ ਸਮੱਗਰੀ ਭੇਟ ਕੀਤੀ ਅਤੇ ਮਾਤਾ ਰਾਣੀ ਦੇ ਚਰਨਾਂ ਵਿੱਚ ਸੁੱਖ-ਸ਼ਾਂਤੀ ਦੀ ਅਰਦਾਸ ਕੀਤੀ। ਇਸ ਤੋਂ ਪਹਿਲਾਂ ਬੀਤੀ ਸ਼ਾਮ ਜੈ ਮਾਂ ਚਿੰਤਪੁਰਨੀ ਸਥਿਤ ਮਾਂ ਛਿੰਨਮਸਤਿਕਾ ਧਾਮ ਤੋਂ ਲਿਆਂਦੀ ਗਈ ਪਵਿੱਤਰ ਲਾਟ ਦਾ ਢੋਲ ਅਤੇ ਢੋਲ ਨਾਲ ਸਵਾਗਤ ਕੀਤਾ ਗਿਆ, ਉਪਰੰਤ ਸ਼ਹਿਰ ਵਾਸੀਆਂ ਵੱਲੋਂ ਪਵਿੱਤਰ ਜੋਤ ਦੇ ਦਰਸ਼ਨ ਕਰਵਾਏ ਗਏ। ਅੱਜ ਸ਼ਹਿਰ ਦੀਆਂ ਵੱਖ-ਵੱਖ ਲੰਗਰ ਕਮੇਟੀਆਂ ਵੱਲੋਂ ਨਵਰਾਤਰੇ ਦੇ ਪਵਿੱਤਰ ਦਿਹਾੜੇ ’ਤੇ ਵਰਤ ਰੱਖਣ ਵਾਲੀਆਂ ਸੰਗਤਾਂ ਦੀ ਸੇਵਾ ਲਈ ਟਿੱਕੀਆਂ, ਕੜਾਹੇ, ਚਾਵਲ, ਖੀਰ, ਚੌਲਾਂ ਅਤੇ ਆਲੂ ਦੀਆਂ ਪਰੀਆਂ ਦਾ ਲੰਗਰ ਗਲੀਆਂ, ਮੁਹੱਲਿਆਂ ਅਤੇ ਚੌਰਾਹਿਆਂ ’ਤੇ ਲਗਾਇਆ ਗਿਆ। ਜੈ ਮਾਂ ਚਿੰਤਪੁਰਨੀ ਲੰਗਰ ਸੇਵਕ ਸਭਾ ਦੇ ਪ੍ਰਧਾਨ ਰਾਕੇਸ਼ ਕੰਧਾਰੀ ਨੇ ਦੱਸਿਆ ਕਿ ਦਸਮੇਸ਼ ਨਗਰ ਵਿੱਚ ਮਾਤਾ ਰਾਣੀ ਦੀ ਚਿੰਤਪੁਰਨੀ ਵਿਖੇ ਲਿਆਂਦੀ ਗਈ ਪਵਿੱਤਰ ਅਖੰਡ ਜੋਤੀ ਦੇ 9 ਦਿਨ ਸ਼ਹਿਰ ਵਾਸੀਆਂ ਨੂੰ ਦਰਸ਼ਨ ਕਰਵਾਏ ਜਾਣਗੇ ਅਤੇ ਸਵੇਰੇ-ਸ਼ਾਮ ਮਾਤਾ ਦਾ ਗੁਣਗਾਨ



ਕੀਤਾ ਜਾਵੇਗਾ। ਸ਼ਹਿਰ ਵਾਸੀਆਂ ਅਤੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਨਵਰਾਤਰੇ ਦੌਰਾਨ ਲੰਗਰ ਲਗਾਏ ਜਾਣਗੇ।

ਸ੍ਰੀ ਕੰਧਾਰੀ ਨੇ ਦੱਸਿਆ ਕਿ ਅਸ਼ਟਮੀ ਦੀ ਰਾਤ ਨੂੰ ਜਾਗਰਣ ਮੰਡਲੀ ਵਿੱਚ ਸੁਖਦੇਵ ਮਸਤੀ ਅਤੇ ਨਿਸ਼ਾ ਖਹਿਰਾ ਮਹਾਂਮਾਈ ਦਾ ਗੁਣਗਾਨ ਕਰਨਗੇ। ਲੰਗਰ ਕਮੇਟੀ ਨੇ ਸ਼ਹਿਰ ਵਾਸੀਆਂ ਨੂੰ ਧਾਰਮਿਕ ਸਮਾਗਮ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ ਹੈ।

# ਜ਼ਿਲ੍ਹੇ ਵਿੱਚ ਚੱਲ ਰਹੇ ਸਮੂਹ ਪ੍ਰਾਈਵੇਟ ਸਕੂਲਾਂ ਵੱਲੋਂ ਆਰਟੀਈ ਤਹਿਤ ਪ੍ਰਾਪਤ ਕੀਤੀ ਮਾਨਤਾ ਦਾ ਕੀਤਾ ਜਾਵੇਗਾ ਨਿਰੀਖਣ

**ਪਠਾਨਕੋਟ, 13 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰ ਇੱਕ ਪ੍ਰਾਈਵੇਟ ਸਕੂਲ ਲਈ ਆਰਟੀਈ ਐਕਟ ਤਹਿਤ ਮਾਨਤਾ ਲੈਣਾ ਜ਼ਰੂਰੀ ਹੈ, ਜ਼ਿਲ੍ਹਾ ਪਠਾਨਕੋਟ ਅੰਦਰ ਚੱਲ ਰਹੇ ਸਮੂਹ ਪ੍ਰਾਈਵੇਟ ਸਕੂਲਾਂ ਵੱਲੋਂ ਪ੍ਰਾਪਤ ਕੀਤੀ ਗਈ ਮਾਨਤਾ ਦਾ ਨਿਰੀਖਣ ਜਿਲ੍ਹਾ ਸਿੱਖਿਆ ਦਫ਼ਤਰ ਪਠਾਨਕੋਟ ਵੱਲੋਂ ਕਿਸੇ ਸਮੇਂ ਵੀ ਕੀਤਾ ਜਾ ਸਕਦਾ ਹੈ। ਇਸ ਸਬੰਧੀ ਸਿੱਖਿਆ ਵਿਭਾਗ ਪਠਾਨਕੋਟ ਵੱਲੋਂ ਬਕਾਇਦਾ ਪ੍ਰਾਈਵੇਟ ਸਕੂਲਾਂ ਨੂੰ ਪੱਤਰ ਵੀ ਜਾਰੀ ਕੀਤੀ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸ੍ਰੀ ਜਗਵਿੰਦਰ ਸਿੰਘ, ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਹਰਭਗਵੰਤ ਸਿੰਘ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਡੀਜੀ ਸਿੰਘ ਨੇ ਦੱਸਿਆ ਕਿ ਸਾਰੇ ਪ੍ਰਾਈਵੇਟ ਸਕੂਲਾਂ ਵੱਲੋਂ ਆਰਟੀਈ ਐਕਟ ਤਹਿਤ ਮਾਨਤਾ ਪ੍ਰਾਪਤ ਕਰਨਾ ਅਤੇ ਆਰਟੀਈ ਐਕਟ ਦੀ ਪਾਲਣਾ ਕਰਨਾ ਬਹੁਤ ਜ਼ਰੂਰੀ ਹੈ। ਸੈਸ਼ਨ 2024-25 ਸ਼ੁਰੂ ਹੋ ਗਿਆ ਹੈ ਇਸ ਲਈ ਸਮੂਹ ਪ੍ਰਾਈਵੇਟ ਸਕੂਲ ਮਾਨਤਾ ਪ੍ਰਾਪਤ ਕਰਨ ਸਮੇਂ ਜਮਾਂ ਕਰਵਾਏ ਗਏ ਦਸਤਾਵੇਜ਼ਾਂ ਨੂੰ ਸਕੂਲਾਂ ਵਿੱਚ ਮੌਜੂਦ



ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਹਰਭਗਵੰਤ ਸਿੰਘ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਡੀਜੀ ਸਿੰਘ।

ਰੱਖਣ।

ਵਿਭਾਗੀ ਅਧਿਕਾਰੀਆਂ ਵੱਲੋਂ ਕਿਸੇ ਸਮੇਂ ਵੀ ਇਨ੍ਹਾਂ ਦਸਤਾਵੇਜ਼ਾਂ ਦਾ ਨਿਰੀਖਣ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸਕੂਲ ਆਰਟੀਈ ਐਕਟ ਤਹਿਤ ਜਮਾਂ ਕਰਵਾਏ ਗਏ ਦਸਤਾਵੇਜ਼ਾਂ ਦੇ ਨਾਲ ਨਾਲ ਸਕੂਲਾਂ ਦਾ ਇਨਫਰਾਸਟਕਚਰ ਵੀ ਚੈੱਕ ਕਰ ਲੈਣ ਕਿ ਉਨ੍ਹਾਂ ਵੱਲੋਂ ਆਪਣੇ ਦਸਤਾਵੇਜ਼ਾਂ ਵਿੱਚ ਜੋ ਇਨਫਰਾਸਟਕਚਰ ਸਬੰਧੀ ਜਾਣਕਾਰੀ ਦਿੱਤੀ ਗਈ ਹੈ ਉਹ ਸਕੂਲ ਵਿੱਚ ਮੌਜੂਦ ਹੋਵੇ।ਉਨ੍ਹਾਂ ਕਿਹਾ ਕਿ ਜੇਕਰ ਸਕੂਲਾਂ ਵੱਲੋਂ ਉਪਰੋਕਤ ਹਦਾਇਤਾਂ ਦੀ ਉਲੰਘਣਾ ਕੀਤੀ ਜਾਂਦੀ ਹੈ ਤਾਂ ਆਰਟੀਈ ਐਕਟ 2009 ਦੀ ਧਾਰਾ 18(5) ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਆਰਟੀਈ ਐਕਟ ਦੀ ਧਾਰਾ 18(5) ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਤਹਿਤ ਕੋਈ ਵੀ ਵਿਅਕਤੀ ਜੋ ਬਿਨਾਂ ਮਾਨਤਾ ਪ੍ਰਾਪਤੀ ਦਾ ਪ੍ਰਮਾਣ ਪੱਤਰ ਲਏ ਸਕੂਲ ਸਥਾਪਿਤ ਕਰਦਾ ਹੈ ਜਾਂ ਚਲਾਉਂਦਾ ਹੈ ਜਾਂ ਮਾਨਤਾ ਪ੍ਰਾਪਤੀ ਦੀ ਰੱਦਗੀ ਤੋਂ ਬਾਅਦ ਸਕੂਲ ਚਾਲੂ ਰੱਖਦਾ ਹੈ, ਇੱਕ ਲੱਖ ਰੁਪਏ ਤੱਕ ਜ਼ੁਰਮਾਨੇ ਦਾ ਭਾਗੀ ਹੋਵੇਗਾ ਅਤੇ ਉਲੰਘਣਾ ਚਾਲੂ ਰਹਿਣ ਦੀ ਸੂਰਤ ਵਿੱਚ ਜੁਰਮਾਨਾ ਹਰ ਇੱਕ ਦਿਨ

# ਪੰਜਾਬ ਬਚਾਓ ਯਾਤਰਾ ਦੇ ਸੁਆਗਤ ਲਈ ਪਾਰਟੀ ਵਰਕਰਾਂ ਦਾ ਧੰਨਵਾਦ : ਪਰਮਜੀਤ ਢਿੱਲੋਂ

**ਮਾਛੀਵਾੜਾ ਸਾਹਿਬ, 13 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪੰਜਾਬ ਬਚਾਓ ਯਾਤਰਾ ਦਾ ਹਲਕਾ ਸਮਰਾਲਾ ਵਿਖੇ ਪੁੱਜਣ ਤੇ ਹਲਕੇ ਦੇ ਅਕਾਲੀ ਆਗੂਆਂ ਅਤੇ ਵਰਕਰਾਂ ਨੇ ਵੱਡੀ ਗਿਣਤੀ ਵਿੱਚ ਨਿੱਘਾ ਤੇ ਭਰਵਾਂ ਸਵਾਗਤ ਕੀਤਾ, ਜਿਸ ਦਾ ਹਲਕਾ ਸਮਰਾਲਾ ਤੋਂ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋ ਨੇ ਕੋਟਨ ਕੋਟ ਧੰਨਵਾਦ ਕਰਦਿਆਂ ਕਿਹਾ ਕਿ ਵੱਡੀ ਗਿਣਤੀ ਵਿੱਚ ਪਾਰਟੀ ਆਗੂਆਂ, ਵਰਕਰਾ ਖ਼ਾਸ ਕਰਕੇ ਨੌਜਵਾਨਾਂ ਦਾ ਸ਼ਾਮਿਲ ਹੋਣਾ ਸ਼੍ਰੋਮਣੀ ਅਕਾਲੀ ਦਲ ਪਾਰਟੀ ਪ੍ਰਤੀ ਪਿਆਰ ਤੇ ਸਨੇਹ ਨੂੰ ਦਿਖਾਉਂਦਾ ਹੈ। ਉਹਨਾਂ ਕਿਹਾ ਕਿ ਹਲਕਾ ਸਮਰਾਲਾ ਵਿੱਚ 100 ਤੋਂ ਵਧੇਰੇ ਥਾਵਾਂ ਉੱਤੇ ਪਾਰਟੀ ਸੁਪਰੀਮੋ ਸੁਖਬੀਰ ਸਿੰਘ ਬਾਦਲ ਦਾ ਵੱਖ ਵੱਖ ਆਗੂਆਂ ਸੰਸਥਾਵਾਂ ਵੱਲੋਂ ਜਿੱਥੇ ਸਿਰੋਪਾਓ ਪਾਕੇ ਸਨਮਾਨ ਕੀਤਾ ਗਿਆ ਉੱਥੇ ਹੀ ਸਾਰੇ ਰਸਤੇ ਫੁੱਲਾਂ ਦੀ ਵਰਖਾ ਕਰਦਿਆਂ ਉਹਨਾਂ ਦਾ ਸ਼ਾਨਦਾਰ ਅੰਦਾਜ਼ ਨਾਲ ਸਵਾਗਤ ਕੀਤਾ ਗਿਆ। ਪਾਰਟੀ ਆਗੂਆਂ ਤੇ ਵਰਕਰਾਂ ਵੱਲੋਂ ਦਿੱਤੇ ਇਸ ਪਿਆਰ ਸਦਕਾ ਗਦ ਗਦ ਹੋਏ ਹਲਕਾ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋ ਨੇ ਕਿਹਾ ਕਿ ਉਹ ਪਾਰਟੀ ਪ੍ਰਤੀ ਦਿੱਤੀਆਂ ਇਹਨਾਂ ਸੇਵਾਵਾਂ ਦਾ ਪਾਰਟੀ ਆਗੂਆਂ ਤੇ ਵਰਕਰਾਂ ਦਾ ਸਾਰੀ ਜ਼ਿੰਦਗੀ ਕਰਜ਼ ਨਹੀਂ ਉਤਾਰ ਸਕਦੇ ,ਉਹ ਸਦਾ ਇਹਨਾਂ ਦੇ ਰਿਣੀ ਰਹਿਣਗੇ ਅਤੇ ਦਿਨ ਰਾਤ ਪੰਜਾਬ ਦੀ ਭਲਾਈ ਆਪਣੇ ਆਗੂਆਂ ਤੇ ਵਰਕਰਾਂ ਦੇ ਨਾਲ ਰਲ ਕੇ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣਗੇ।

ਉਹਨਾਂ ਕਿਹਾ ਕਿ ਸੰਗਤਾਂ ਦਾ ਇੰਨਾ ਪਿਆਰ ਤੇ ਉਤਸ਼ਾਹ ਦੇਖ ਕੇ ਉਨਾਂ ਦਾ ਹੌਸਲਾ ਹੋਰ ਦੂਣਾ ਚੌਣਾ ਹੋ ਗਿਆ ਹੈ ਅਤੇ ਉਹ ਹੋਰ ਤਕੜੇ ਹੋ ਕੇ ਇਲਾਕੇ ਦੀ ਸੇਵਾ ਕਰਦੇ ਰਹਿਣਗੇ।

# ਓਰੀਐਂਟ ਇੰਟਰਨੈਸ਼ਨਲ ਸਕੂਲ ਅਤੇ ਸਪੋਰਟਸ ਅਕੈਡਮੀ ਨੇ ਆਪਣਾ 8ਵਾਂ ਸਥਾਪਨਾ ਦਿਵਸ ਬੜੇ ਜੋਸ਼ ਅਤੇ ਉਤਸਵ ਨਾਲ ਮਨਾਇਆ

**ਮਾਛੀਵਾੜਾ ਸਾਹਿਬ, 13 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਸ਼ਹਿਰ ਦੇ ਨਜ਼ਦੀਕ ਓਰੀਐਂਟ ਇੰਟਰਨੈਸ਼ਨਲ ਸਕੂਲ ਅਤੇ ਸਪੋਰਟਸ ਅਕੈਡਮੀ ਨੇ ਆਪਣਾ 8ਵਾਂ ਸਥਾਪਨਾ ਦਿਵਸ ਬੜੇ ਜੋਸ਼ ਅਤੇ ਉਤਸਵ ਨਾਲ ਮਨਾਇਆ। ਇਸ ਮੌਕੇ ਸਕੂਲ ਦੇ ਚੇਅਰਮੈਨ ਸ੍ਰੀ ਵਿਕਰਮ ਸ਼ਰਮਾ ਨੇ ਦੱਸਿਆ ਕਿ ਸਕੂਲ ਹਰ ਸਥਾਪਨਾ ਸਾਲ ’ਤੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਦੀ ਰਸਮ ਹੈ ਅਦਾ ਕਰਦਾ ਹੈ। ਇਸ ਤਰ੍ਹਾਂ ਨਵੇਂ ਅਕਾਦਮਿਕ ਸੈਸ਼ਨ ਦੀ ਸ਼ੁਰੂਆਤ ’ਤੇ ਵਾਹਿਗੁਰੂ ਦਾ ਆਸ਼ੀਰਵਾਦ ਲਿਆ ਜਾਂਦਾ ਹੈ। ਇਸ ਤੋਂ ਇਲਾਵਾ, ਵਿਕਰਮ ਸ਼ਰਮਾ ਨੇ ਸਕੂਲ ਦੀ ਸਫਲਤਾ ਦੀਆਂ ਕਹਾਣੀਆਂ ’ਤੇ ਚਾਨਣਾ ਪਾਇਆ ਜੋ ਪਿਛਲੇ ਅੱਠ ਸਾਲਾਂ ਤੋਂ ਮਾਛੀਵਾੜਾ ਖੇਤਰ ਦੇ ਵਿਦਿਆਰਥੀਆਂ ਦੀ ਸੇਵਾ ਕਰ ਰਿਹਾ ਹੈ। ਇਸ ਸਮੇਂ ਸਕੂਲ ਵਿੱਚ ਅਟਲ ਟਿੰਕਰਿੰਗ ਲੈਬ, ਏਸੀ ਸਮਾਰਟ ਕਲਾਸਰੂਮ, ਆਈਲੈਟਸ ਅਤੇ ਸਕੂਲ ਦੇ ਵਿਦਿਆਰਥੀਆਂ ਲਈ



ਸਾਰੀਆਂ ਲੋੜੀਂਦੀਆਂ ਪ੍ਰਯੋਗਸ਼ਾਲਾਵਾਂ ਸਮੇਤ ਅਤਿ ਆਧੁਨਿਕ ਬੁਨਿਆਦੀ ਢਾਂਚਾ ਮੌਜੂਦ ਹੈ। ਮਿਹਨਤੀ ਸਟਾਫ਼ ਨਿਯਮਿਤ ਤੌਰ ’ਤੇ ਸ਼ਾਨਦਾਰ ਨਤੀਜੇ ਦੇ ਰਿਹਾ ਹੈ ਅਤੇ ਸਕੂਲ ਦੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਅਣਥੱਕ ਮਿਹਨਤ ਕਰ ਰਿਹਾ ਹੈ। ਸਕੂਲ ਨੇ ਸਿੱਖਣ ਵਿੱਚ ਅੰਤਰਰਾਸ਼ਟਰੀ ਐਕਸਪੋਜਰ ਲਈ ਪੱਛਮੀ ਆਸਟ੍ਰੇਲੀਅਨ ਸਰਕਾਰੀ ਬੋਰਡ ਨਾਲ ਵੀ ਸਮਝੌਤਾ ਕੀਤਾ ਹੈ।

ਇਸ ਮੌਕੇ ਸਕੂਲ ਦੀ ਡਾਇਰੈਕਟਰ ਸ਼ਾਰਦਾ ਸ਼ਰਮਾ, ਪ੍ਰਿੰਸੀਪਲ ਰਜਤ ਸ਼ਰਮਾ, ਡਾਇਰੈਕਟਰ ਸ਼ੁਭਮ ਸ਼ਰਮਾ, ਅਕਾਦਮਿਕ ਡਾਇਰੈਕਟਰ ਮ੍ਰਿਦੁਲਾ, ਡਾ: ਸ਼ਰੂਤੀ ਸ਼ਰਮਾ, ਵਾਈਸ ਪ੍ਰਿੰਸੀਪਲ ਨਵਜੋਤ ਕੌਰ, ਬਲਵਿੰਦਰ ਕੌਰ, ਅਨੁਪਮਾ ਜੈਨ, ਦਮਨਪ੍ਰੀਤ ਕੌਰ, ਮਨਪ੍ਰੀਤ ਕੌਰ, ਪਰਮਜੀਤ ਕੌਰ ਅਤੇ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।

# ਵਿਰਸਾ ਸੰਭਾਲ ਵਿਸਾਖੀ ਗੱਤਕਾ ਮੁਕਾਬਲੇ ਮੁਹਾਲੀ ਵਿਖੇ ਅੱਜ : ਫੂਲਰਾਜ ਸਿੰਘ

**ਮੁਹਾਲੀ, 13 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਗੱਤਕਾ ਐਸੋਸੀਏਸ਼ਨ ਐਸ.ਏ.ਐਸ. ਨਗਰ ਵੱਲੋਂ ਇੰਟਰਨੈਸ਼ਨਲ ਸਿੱਖ ਮਾਰਸ਼ਲ ਆਰਟ ਕੌਂਸਲ ਅਤੇ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ਼ ਇੰਡੀਆ (ਐਨ.ਜੀ.ਏ.ਆਈ.) ਦੇ ਸਹਿਯੋਗ ਨਾਲ ਗੁਰਦੁਆਰਾ ਨਾਨਕ ਦਰਬਾਰ, ਸੈਕਟਰ 91, ਐਸ.ਏ.ਐਸ. ਨਗਰ ਵਿਖੇ ਐਤਵਾਰ 14 ਅਪ੍ਰੈਲ ਨੂੰ ਸ਼ਾਮ 4 ਵਜੇ ਤੋਂ ਦੇਰ ਰਾਤ 8 ਵਜੇ ਤੱਕ ਵਿਰਸਾ ਸੰਭਾਲ ਵਿਸਾਖੀ ਗੱਤਕਾ ਮੁਕਾਬਲੇ ਕਰਵਾਏ ਜਾ ਰਹੇ ਹਨ ਜਿਸ ਦੌਰਾਨ ਨਾਮੀ ਗੱਤਕਾ ਅਖਾੜਿਆਂ ਦੇ ਗੱਤਕੇਬਾਜ ਆਪਣੀ ਜੰਗਜੂ ਕਲਾ ਦੇ ਜੌਹਰ ਦਿਖਾਉਣਗੇ। ਇਹ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਗੱਤਕਾ ਐਸੋਸੀਏਸ਼ਨ ਦੇ ਮੁੱਖ ਕੋਆਰਡੀਨੇਟਰ ਅਤੇ ਐਨ.ਜੀ.ਏ.ਆਈ. ਦੇ ਅੰਤਰਰਾਸ਼ਟਰੀ ਮਾਮਲੇ ਡਾਇਰੈਕਟੋਰੇਟ ਦੇ ਚੇਅਰਮੈਨ ਸਾਬਕਾ ਐਮਸੀ ਸ. ਫੂਲਰਾਜ ਸਿੰਘ ਨੇ ਦੱਸਿਆ ਕਿ ਇਸ ਮੌਕੇ ਜੰਗਜੂ ਸ਼ਸਤਰ ਕਲਾ ਦੇ ਪ੍ਰਦਰਸ਼ਨ ਅਤੇ ਗੱਤਕਾ ਮੁਕਾਬਲਿਆਂ ਵਿਚ ਲੜਕੇ ਤੇ ਲੜਕੀਆਂ ਵੀ ਭਾਗ ਲੈਣਗੀਆਂ।




ਇਹਨਾਂ ਵਿਰਾਸਤੀ ਖੇਡਾਂ ਮੌਕੇ ਗੱਤਕਾ ਸੋਟੀ-ਫੱਰੀ ਦੇ ਵਿਅਕਤੀਗਤ ਮੁਕਾਬਲੇ ਵੀ ਕਰਵਾਏ ਜਾਣਗੇ।

ਜ਼ਿਲ੍ਹਾ ਗੱਤਕਾ ਐਸੋਸੀਏਸ਼ਨ ਦੇ ਚੇਅਰਮੈਨ ਪਰਮਜੀਤ ਸਿੰਘ ਚੌਹਾਨ, ਪ੍ਰਧਾਨ ਕੁਲਦੀਪ ਸਿੰਘ ਸਮਾਣਾ ਅਤੇ ਜਨਰਲ ਸਕੱਤਰ ਆਰ.ਪੀ. ਸ਼ਰਮਾ ਨੇ ਦੱਸਿਆ ਕਿ ਜੇਤੂ ਖਿਡਾਰੀਆਂ ਦਾ ਵਿਸ਼ੇਸ਼ ਤੌਰ ਉਤੇ ਸਨਮਾਨ ਕੀਤਾ ਜਾਵੇਗਾ ਅਤੇ ਸਮੂਹ ਗੱਤਕੇਬਾਜਾਂ ਨੂੰ ਸਰਟੀਫਿਕੇਟ ਵੀ ਪ੍ਰਦਾਨ ਕੀਤੇ ਜਾਣਗੇ।

ਇਸ ਮੌਕੇ ਹਲਕਾ ਵਿਧਾਇਕ ਸ. ਕੁਲਵੰਤ ਸਿੰਘ ਮੁੱਖ ਮਹਿਮਾਨ ਅਤੇ ਗੁਰਮੀਤ ਸਿੰਘ, ਚੇਅਰਮੈਨ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਚੈਰੀਟੇਬਲ ਹਸਪਤਾਲ ਸੋਹਾਣਾ ਪ੍ਰੋਗਰਾਮ ਦੀ ਪ੍ਰਧਾਨਗੀ ਕਰਨਗੇ। ਉਨ੍ਹਾਂ ਸਮੂਹ ਸੰਗਤਾਂ ਨੂੰ ਇਹ ਮੁਕਾਬਲੇ ਦੇਖਣ ਲਈ ਹੁੰਮ ਹੁਮਾ ਕੇ ਪੁੱਜਣ ਦਾ ਸੱਦਾ ਦਿੱਤਾ ਹੈ।

# ਮੁੱਖ ਮੰਤਰੀ ਏਕਨਾਥ ਸ਼ਿੰਦੇ ਨਾਲ ਮੁਲਾਕਾਤ ਕਰਕੇ ਆਏ ਹਰੀਸ਼ ਸਿੰਗਲਾ ਦਾ ਵੱਡਾ ਐਲਾਨ, ਪੰਜਾਬ ਦੀਆਂ 13 ਸੀਟਾਂ ’ਤੇ ਚੋਣ ਲੜੇਗੀ ਸ਼ਿਵ ਸੈਨਾ

**ਪਟਿਆਲਾ, 13 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਿਵ ਸੈਨਾ ਬਾਲ ਠਾਕਰੇ ਸੀ.ਐਮ ਸ਼ਿੰਦੇ ਗਰੁੱਪ ਪੰਜਾਬ ਪ੍ਰਧਾਨ ਹਰੀਸ਼ ਸਿੰਗਲਾ ਨੇ ਅੱਜ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਉਨ੍ਹਾਂ ਦੇ ਹੱਕ ਦਿਵਾਉਣ ਲਈ ਸ਼ਿਵ ਸੈਨਾ ਮੁਖੀ ਅਤੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਸ਼੍ਰੀ ਏਕਨਾਥ ਸ਼ਿੰਦੇ ਜੀ ਅਤੇ ਰਾਸ਼ਟਰੀ ਸਕੱਤਰ ਸ਼੍ਰੀ ਅਭਿਜੀਤ ਅਦਸੁਲ ਜੀ ਨਾਲ ਮੁੰਬਈ ਪਹੁੰਚ ਕੇ ਉਨ੍ਹਾਂ ਨਾਲ ਮੁਲਾਕਾਤ ਕੀਤੀ ਜਿਸ ਵਿੱਚ ਉਨ੍ਹਾਂ ਨੂੰ ਪੰਜਾਬ ਦੀ ਸਮੁੱਚੀ ਰਾਜਨੀਤਿਕ ਸਥਿਤੀ ਤੋਂ ਜਾਣੂ ਕਰਵਾਇਆ ਗਿਆ ਅਤੇ ਉਨ੍ਹਾਂ ਤੋਂ ਆਗਿਆ ਲੈ ਕੇ ਇਹ ਫੈਸਲਾ ਲਿਆ ਗਿਆ ਕਿ ਸ਼ਿਵ ਸੈਨਾ ਪੰਜਾਬ ਦੀਆਂ ਸਾਰੀਆਂ 13 ਸੀਟਾਂ ’ਤੇ ਆਪਣੇ ਉਮੀਦਵਾਰ ਖੜ੍ਹੇ ਕਰੇਗੀ ਅਤੇ ਇਸ ਦੇ ਨਾਲ ਹੀ ਸ਼ਿਵ ਸੈਨਾ ਚੰਡੀਗੜ੍ਹ ਵਿੱਚ ਵੀ ਉਮੀਦਵਾਰ ਖੜਾ ਕਰੇਗੀ।



ਸਿੰਗਲਾ ਨੇ ਦੱਸਿਆ ਕਿ ਲੋਕ ਸਭਾ ਚੋਣਾਂ 2024 ਸਬੰਧੀ ਰਣਨੀਤੀ ਬਣਾਉਣ ਲਈ ਸ਼ਿਵ ਸੈਨਾ ਦੇ ਸਾਰੇ ਜ਼ਿਲ੍ਹਾ ਪ੍ਰਧਾਨਾਂ ਅਤੇ ਪੰਜਾਬ ਅਧਿਕਾਰੀਆਂ ਦੀ 13 ਅਪ੍ਰੈਲ ਨੂੰ ਜਲੰਧਰ ਵਿਖੇ ਮੀਟਿੰਗ ਸੱਦੀ ਗਈ ਹੈ, ਜਿੱਥੇ ਪੰਜਾਬ ਪ੍ਰਧਾਨ ਹਰੀਸ਼ ਸਿੰਗਲਾ ਅਤੇ ਪੰਜਾਬ ਕੋਰ ਕਮੇਟੀ ਦੇ ਮੈਂਬਰ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰਨਗੇ।

ਹਰੀਸ਼ ਸਿੰਗਲਾ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨਾਲ ਹਰ ਵਾਰ ਧੋਖਾ ਹੋਇਆ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵੀ ਪੰਜਾਬ ਦੀਆਂ ਔਰਤਾਂ ਨੂੰ ਵਾਅਦੇ ਮੁਤਾਬਕ 1000 ਰੁਪਏ ਪ੍ਰਤੀ ਮਹੀਨਾ ਨਾ ਦੇ ਕੇ ਵੱਡਾ ਧੋਖਾ ਕੀਤਾ ਹੈ ਅਤੇ ਪੰਜਾਬ ਵਿੱਚ ਨਸ਼ਾ ਵੀ ਘੱਟ ਨਹੀਂ ਹੋਇਆ, ਬੇਰੁਜ਼ਗਾਰੀ ਵੀ ਘੱਟ ਨਹੀਂ ਹੋਈ, ਆਮ ਆਦਮੀ ਪਾਰਟੀ ਕਿਸਾਨਾਂ ਨੂੰ 22 ਵਸਤੂਆਂ ’ਤੇ ਐਸਪੀ ਦੇਣ ਦੇ ਵਾਅਦੇ ਤੋਂ ਮੁਕਰ ਗਈ ਹੈ ਅਤੇ ਅਮਨ-ਕਾਨੂੰਨ ਦੀ ਸਥਿਤੀ ਬਹੁਤ ਖਰਾਬ ਹੈ।

ਸਿੰਗਲਾ ਨੇ ਕਿਹਾ ਕਿ ਹੁਣ ਪੰਜਾਬ ਦੇ ਲੋਕਾਂ ਕੋਲ ਸ਼ਿਵ ਸੈਨਾ ਹੀ ਇੱਕੋ ਇੱਕ ਸੰਗਠਨ ਹੈ ਜੋ ਦੇਸ਼ ਦੇ ਹਿੱਤ ਵਿੱਚ ਕੰਮ ਕਰਨਾ ਆਪਣਾ ਫਰਜ਼ ਸਮਝਦੀ ਹੈ ਅਤੇ ਹਰ ਵਰਗ ਦੇ ਲੋਕਾਂ ਨੂੰ ਨਾਲ ਲੈ ਕੇ ਚੱਲਦੀ ਹੈ, ਸ਼ਿਵ ਸੈਨਾ ਪੰਜਾਬ ਦੇ ਲੋਕਾਂ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਦਾ ਹੱਲ ਕਰ ਸਕਦੀ ਹੈ।

2024 ਦੀਆਂ ਲੋਕ ਸਭਾ ਚੋਣਾਂ ਵਿੱਚ ਮਹਾਰਾਸ਼ਟਰ ਤੋਂ ਸ਼ਿਵ ਸੈਨਾ ਦੇ ਚੋਟੀ ਦੇ ਆਗੂ ਵੀ ਪੰਜਾਬ ਆ ਕੇ ਪੰਜਾਬੀਆਂ ਦਾ ਮਾਰਗਦਰਸ਼ਨ ਕਰਨਗੇ ਅਤੇ ਪੰਜਾਬ ਦੇ ਹਿੰਦੂ ਸਮਾਜ ਦੀ ਆਵਾਜ਼ ਨੂੰ ਲੋਕ ਸਭਾ ਵਿੱਚ ਪਹੁੰਚਾਉਣ ਲਈ ਸ਼ਿਵ ਸੈਨਾ ਦਾ ਮੈਂਬਰ ਪਾਰਲੀਮੈਂਟ ‘ਚ ਹੋਣਾ ਬਹੁਤ ਜ਼ਰੂਰੀ ਹੈ।

ਸਿੰਗਲਾ ਨੇ ਕਿਹਾ ਕਿ ਸ਼ਿਵ ਸੈਨਾ ਪੰਜਾਬ ਦੇ ਅੱਤਵਾਦ ਪੀੜਤਾਂ ਨੂੰ 786 ਕਰੋੜ ਰੁਪਏ ਦਾ ਪੈਕੇਜ ਦਵਾਉਣ ਲਈ ਲੋਕ ਸਭਾ ’ਚ ਜ਼ੋਰਦਾਰ ਢੰਗ ਨਾਲ ਆਵਾਜ਼ ਬੁਲੰਦ ਕਰੇਗੀ ਅਤੇ ਲੋਕ ਸਭਾ ਚੋਣਾਂ 2024 ’ਚ 13 ਅਪ੍ਰੈਲ ਨੂੰ ਸ਼ਿਵ ਸੈਨਾ ਦੇ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਹੋਣ ਤੋਂ ਬਾਅਦ ਜਲਦ ਹੀ ਦੂਜੀ ਸੂਚੀ ਨੂੰ ਵੀ ਅੰਤਿਮ ਰੂਪ ਦੇ ਕੇ ਕੁਝ ਦਿਨਾਂ ਵਿੱਚ ਜਾਰੀ ਕਰ ਦਿੱਤਾ ਜਾਵੇਗਾ ਅਤੇ ਚੋਣ ਮਨੋਰਥ ਪੱਤਰ ਵੀ 30 ਅਪ੍ਰੈਲ ਤੋਂ ਪਹਿਲਾਂ ਜਾਰੀ ਕੀਤਾ ਜਾਵੇਗਾ।

# ਮਹਿੰਦਰਗੜ੍ਹ 'ਚ ਸਕੂਲ ਬੱਸ ਪਲਟੀ, ਛੇ ਬੱਚਿਆਂ ਦੀ ਮੌਤ



ਟੋਹਾਣਾ, 13 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮਹਿੰਦਰਗੜ੍ਹ ਜ਼ਿਲ੍ਹੇ ਵਿੱਚ ਅੱਜ ਈਦ ਵਾਲੇ ਦਿਨ ਛੁੱਟੀ ਹੋਣ ਦੇ ਬਾਵਜੂਦ ਵਿਦਿਆਰਥੀਆਂ ਨੂੰ ਸਕੂਲ ਲਿਜਾ ਰਹੀ ਬੱਸ ਦਰੱਖਤ ਨਾਲ ਟਕਰਾਉਣ ਮਗਰੋਂ ਪਲਟ ਗਈ। ਇਸ ਹਾਦਸੇ ਵਿੱਚ ਛੇ ਵਿਦਿਆਰਥੀਆਂ ਦੀ ਮੌਤ ਹੋ ਗਈ ਜਦੋਂਕਿ 37 ਹੋਰ ਜ਼ਖ਼ਮੀ ਗਏ। ਮ੍ਰਿਤਕਾਂ ਵਿੱਚ ਦੋ ਸਕੇ ਭਰਾ ਸਨ। ਜ਼ਖ਼ਮੀਆਂ ਵਿੱਚੋਂ ਕਈ ਵਿਦਿਆਰਥੀਆਂ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਮਹਿੰਦਰਗੜ੍ਹ ਦੇ ਐੱਸਪੀ ਅਰਸ਼ ਵਰਮਾ ਨੇ ਦੱਸਿਆ ਕਿ ਸਕੂਲ ਦੇ ਪ੍ਰਿੰਸੀਪਲ ਤੇ ਬੱਸ ਡਰਾਈਵਰ ਸਮੇਤ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਹਰਿਆਣਾ ਸਰਕਾਰ ਨੇ ਇਸ ਘਟਨਾ ਦੀ ਜਾਂਚ ਦੇ ਆਦੇਸ਼ ਦਿੱਤੇ ਹਨ। ਬੱਸ ਡਰਾਈਵਰ ਕਥਿਤ ਨਸ਼ੇ ਵਿੱਚ ਸੀ ਅਤੇ ਵਾਹਨ ਕੋਲ ਫਿੱਟਨੈੱਸ ਸਰਟੀਫਿਕੇਟ ਤੇ ਹੋਰ ਦਸਤਾਵੇਜ਼ ਵੀ ਨਹੀਂ ਸਨ। ਹਸਪਤਾਲ ਵਿੱਚ ਜ਼ਖ਼ਮੀ ਬੱਚਿਆਂ ਦਾ ਹਾਲ-ਚਾਲ ਪੁੱਛਣ ਪੁੱਜੀ ਸਿੱਖਿਆ ਮੰਤਰੀ ਸੀਮਾ ਤ੍ਰਿਖਾ ਨੇ ਕਿਹਾ ਕਿ ਸਭ ਤੋਂ ਵੱਡੀ ਗ਼ਲਤੀ ਇਹ ਰਹੀ ਕਿ ਈਦ ਦੇ ਤਿਉਹਾਰ ਮੌਕੇ ਛੁੱਟੀ ਵਾਲੇ ਦਿਨ ਸਕੂਲ ਖੁੱਲ੍ਹਿਆ ਹੋਇਆ ਸੀ। ਉਨ੍ਹਾਂ ਦੱਸਿਆ ਕਿ ਸਕੂਲ ਨੂੰ 'ਕਾਰਨ ਦੱਸੋ' ਨੋਟਿਸ ਜਾਰੀ ਕੀਤਾ ਗਿਆ ਹੈ। ਮ੍ਰਿਤਕ ਵਿਦਿਆਰਥੀਆਂ ਦੀ ਪਛਾਣ ਸਤਿਅਮ ਸ਼ਰਮਾ (16), ਯੁਵਰਾਜ (13), ਯਕੁਸ਼ (13), ਵੰਸ਼ ਉਰਫ਼ ਗੋਲੂ (15), ਰਿੱਕੀ ਉਰਫ਼ ਚੀਕੂ (14) ਅਤੇ ਆਸ਼ੂ (14) ਵਜੋਂ ਹੋਈ ਹੈ। ਇਹ ਹਾਦਸਾ ਸਵੇਰੇ ਲਗਪਗ 8.30 ਵਜੇ ਕਨੀਨਾ-ਦਾਦਰੀ ਮਾਰਗ 'ਤੇ ਉਂਹਾਨੀ ਨੇੜੇ ਉਸ ਸਮੇਂ ਵਾਪਰਿਆ ਜਦੋਂ ਕਿਸੇ ਵਾਹਨ ਤੋਂ ਅੱਗੇ ਨਿਕਲਣ ਦੀ ਕੋਸ਼ਿਸ਼ ਕਰਦਿਆਂ ਸਕੂਲੀ ਬੱਸ ਦਰੱਖਤ ਨਾਲ ਟਕਰਾਉਣ ਮਗਰੋਂ ਪਲਟ ਗਈ। ਜਾਣਕਾਰੀ ਮੁਤਾਬਕ ਈਦ ਦੇ ਤਿਉਹਾਰ ਮੌਕੇ ਪ੍ਰਾਈਵੇਟ ਸਕੂਲ ਜੀ.ਐੱਲ. ਪਬਲਿਕ ਸਕੂਲ ਕਨੀਨਾ ਦੇ ਪ੍ਰਬੰਧਕਾਂ ਵੱਲੋਂ ਛੁੱਟੀ ਨਹੀਂ ਕੀਤੀ ਗਈ ਸੀ। ਇਸ ਬੱਸ ਵਿੱਚ ਲਗਪਗ 45 ਬੱਚੇ ਸਵਾਰ ਸਨ। ਉਂਹਾਨੀ ਦੇ ਮਹਿਲਾ ਕਾਲਜ ਨੇੜੇ ਤੇਜ਼ ਰਫ਼ਤਾਰ ਬੱਸ ਬੇਕਾਬੂ ਹੋ ਗਈ ਅਤੇ ਡਰਾਈਵਰ ਧਰਮਿੰਦਰ ਨੇ ਛਾਲ ਮਾਰ ਦਿੱਤੀ। ਇਸ ਦੌਰਾਨ ਬੱਸ ਪਲਟਣ ਮਗਰੋਂ ਬੱਚਿਆਂ 'ਚ ਹਾਹਾਕਾਰ ਮੱਚ ਗਿਆ।

# ਜਿਨ੍ਹਾਂ ਕਿਸਾਨਾਂ ਨੂੰ ਲਾਠੀਆਂ ਨਾਲ ਕੁੱਟਿਆ, ਉਨ੍ਹਾਂ ਤੋਂ ਹੀ ਵੋਟਾਂ ਮੰਗ ਰਹੀ ਹੈ ਭਾਜਪਾ'



ਸ਼ਾਹਬਾਦ ਮਾਰਕੰਡਾ, 13 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਤੇ ਕੁਰੂਕਸ਼ੇਤਰ ਲੋਕ ਸਭਾ ਤੋਂ 'ਇੰਡੀਆ' ਗੱਠਜੋੜ ਦੇ ਉਮੀਦਵਾਰ ਡਾ. ਸੁਸ਼ੀਲ ਗੁਪਤਾ ਨੇ ਹਲਕੇ ਦੇ ਪਿੰਡਾਂ ਵਿੱਚ ਦੌਰਾ ਕੀਤਾ। ਇਸ ਮੌਕੇ ਪਿੰਡ ਚੂਹੜ ਮਾਜਰਾ, ਮਟੌਰਵੇੜੀ ,ਦੂਲਿਆਣੀ, ਸੰਗਰੌਲੀ, ਦੁਸੈਨ ਆਦਿ ਵਿਚ ਲੋਕਾਂ ਨਾਲ ਚੋਣ ਬੈਠਕਾਂ ਕੀਤੀਆਂ। ਉਨ੍ਹਾਂ ਨੇ ਬਜ਼ੁਰਗਾਂ ਦਾ ਆਸ਼ੀਰਵਾਦ ਲਿਆ ਤੇ 'ਇੰਡੀਆ' ਗੱਠਜੋੜ ਨੂੰ ਜਿਤਾਉਣ ਦੀ ਅਪੀਲ ਕੀਤੀ। ਡਾ. ਗੁਪਤਾ ਨੇ ਕਿਹਾ ਕਿ ਉਹ ਹਰ ਰੋਜ਼ ਹਲਕੇ ਦੇ ਪਿੰਡਾਂ ਤੇ ਸ਼ਹਿਰਾਂ ਦਾ ਦੌਰਾ ਕਰ ਰਹੇ ਹਨ।

ਹਰ ਰੋਜ਼ ਉਨ੍ਹਾਂ ਨੂੰ ਵੱਡੀ ਗਿਣਤੀ ਵਿਚ ਕਿਸਾਨ ਮਿਲਣ ਲਈ ਆ ਰਹੇ ਹਨ।ਕਿਸਾਨਾਂ ਵਿਚ ਭਾਰੀ ਗੁੱਸਾ ਦੇਖਣ ਨੂੰ ਮਿਲ ਰਿਹਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਾਡੇ 'ਤੇ ਅੱਥਰੂ ਗੈਸ ਦੇ ਗੋਲੇ ਛੱਡੇ ਗਏ, ਪੈਲੇਟ ਗੰਨ ਨਾਲ ਹਮਲੇ ਕੀਤੇ ਗਏ , ਰਸੂਕਾ ਲਾਇਆ ਗਿਆ, ਬੈਂਕ ਖਾਤੇ ਸੀਲ ਕੀਤੇ ਗਏ, ਉਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਗਈਆਂ ਪਰ ਅੱਜ ਭਾਜਪਾ ਦੇ ਉਮੀਦਵਾਰ ਕਿਸ ਮੂੰਹ ਨਾਲ ਉਨ੍ਹਾਂ ਤੋਂ ਵੋਟਾਂ ਮੰਗਣ ਆ ਰਹੇ ਹਨ।

ਕਿਸਾਨਾਂ ਨੇ ਇਨ੍ਹਾਂ ਨੂੰ ਪਿੰਡਾਂ ਵਿਚ ਵੜਨ ਤੋਂ ਰੋਕ ਲਾ ਦਿੱਤੀ ਹੈ ਤੇ ਪਿੰਡਾਂ ਵਿਚ ਨਾ ਵੜਨ ਦੇ ਬੋਰਡ ਵੀ ਲਾਏ ਜਾ ਰਹੇ ਹਨ। ਡਾ. ਗੁਪਤਾ ਨੇ ਕਿਹਾ ਕਿ ਜਿਨ੍ਹਾਂ ਕਿਸਾਨਾਂ 'ਤੇ ਉਨ੍ਹਾਂ ਨੇ ਤਸ਼ੱਦਦ ਕੀਤੀ ਅੱਜ ਉਹੀ ਕਿਸਾਨਾਂ ਦੀ ਹੈਸੀਅਤ ਨੂੰ ਯਾਦ ਕਰ ਰਹੇ ਹਨ। ਗੁਪਤਾ ਨੇ ਕਿਹਾ ਕਿ ਭਾਜਪਾ ਮੰਡੀਆਂ ਨੂੰ ਖਤਮ ਕਰ ਕੇ ਅਡਾਨੀ ਦੇ ਗੁਦਾਮ ਭਰਨ ਲਈ ਕਿਸਾਨਾਂ ਨੂੰ ਮਜਬੂਰ ਕਰਨਾ ਚਾਹੁੰਦੀ ਹੈ ਪਰ ਹੁਣ ਦੇਸ਼ ਦਾ ਕਿਸਾਨ ਇਹ ਸਭ ਕੁਝ ਸਮਝ ਚੁੱਕਾ ਹੈ। ਇਹੀ ਕਾਰਨ ਹੈ ਕਿ ਕਾਲੇ ਕਾਨੂੰਨਾਂ ਨੂੰ ਰੱਦ ਕਰਾਉਣ ਲਈ 700 ਤੋਂ ਵੱਧ ਕਿਸਾਨ ਸ਼ਹੀਦ ਹੋਏ ਪਰ ਉਹੀ ਕਾਲੇ ਕਾਨੂੰਨਾਂ ਨੂੰ ਸਰਕਾਰ ਪਿਛਲੇ ਦਰਵਾਜ਼ਿਉਂ ਲਾਗੂ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜਦੋਂ ਤੱਕ ਆਮ ਆਦਮੀ ਪਾਰਟੀ ਹੈ, ਉਨ੍ਹਾਂ ਦੇ ਕਿਸੇ ਮਕਸਦ ਨੂੰ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ।

ਡਾ. ਗੁਪਤਾ ਨੇ ਕਿਹਾ ਕਿ ਹੁਣ ਸੂਬੇ ਦਾ ਹਰ ਵਰਗ ਭਾਜਪਾ ਨੂੰ ਸੱਤਾ ਤੋਂ ਲਾਂਭੇ ਕਰਨ ਲਈ ਉਤਾਵਲਾ ਹੈ। ਕੁਰੂਕਸ਼ੇਤਰ ਤੋਂ ਭਾਜਪਾ ਦਾ ਡਰਿਆ ਉਮੀਦਵਾਰ ਚੋਣ ਲੜ ਰਿਹਾ ਹੈ। ਗੁਪਤਾ ਨੇ ਕਿਹਾ ਕਿ ਕੁਰੂਕਸ਼ੇਤਰ ਲੋਕ ਸਭਾ ਦੇ ਹਰ ਪਿੰਡ ਵਿਚ ਜਿਥੇ ਵੀ ਉਹ ਹਰ ਰੋਜ਼ ਜਾ ਰਹੇ ਹਨ ਉਨਾਂ ਨੂੰ ਲੋਕਾਂ ਦਾ ਭਰਵਾਂ ਸਮਰਥਨ ਮਿਲ ਰਿਹਾ ਹੈ ਤੇ ਹਰ ਵਿਅਕਤੀ ਬਦਲਾਅ ਲਈ ਵੋਟ ਦੇਣ ਨੂੰ ਤਿਆਰ ਹੈ।

# ਪਿੰਡ ਵਾਸੀਆਂ ਵੱਲੋਂ ਲੋਕ ਨਿਰਮਾਣ ਵਿਭਾਗ ਖ਼ਿਲਾਫ਼ ਮੁਜ਼ਾਹਰਾ



ਰਤੀਆ, 13 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਦਰਜਨਾਂ ਪਿੰਡ ਵਾਸੀਆਂ ਨੇ ਰਤੀਆ ਵਿੱਚ ਫਤਿਹਾਬਾਦ ਰੋਡ 'ਤੇ ਜਾਖਨ ਦਾਦੀ ਮੰਦਰ ਨੂੰ ਜਾਂਦੀ ਸੜਕ 'ਤੇ ਬੱਜਰੀ ਅਤੇ ਤਾਰਕੋਲ ਦੀ ਥਾਂ ਇੰਟਰਲੌਕ ਟਾਈਲਾਂ ਲਾਉਣ ਵਿਰੁੱਧ ਅੱਜ ਲੋਕ ਨਿਰਮਾਣ ਵਿਭਾਗ ਖ਼ਿਲਾਫ਼ ਪ੍ਰਦਰਸ਼ਨ ਕੀਤਾ ਅਤੇ ਕੰਮ ਠੱਪ ਕਰ ਦਿੱਤਾ। ਉਨ੍ਹਾਂ ਚਿਤਾਵਨੀ ਦਿੱਤੀ ਕਿ ਇੰਟਰਲੌਕ ਟਾਈਲਾਂ ਕਿਸੇ ਵੀ ਹਾਲਤ ਵਿੱਚ ਨਹੀਂ ਬਣਨ ਦਿੱਤੀ ਜਾਵੇਗੀ।

ਗ੍ਰਾਮ ਪੰਚਾਇਤ ਜਾਖਨ ਦਾਦੀ ਦੇ ਸਾਬਕਾ ਸਰਪੰਚ ਗੁਰਪ੍ਰੀਤ ਸਿੰਘ, ਗੁਰਮੇਲ ਸਿੰਘ, ਜੱਸਾ ਸਿੰਘ, ਪਾਲ ਸਿੰਘ, ਹਰਵਿੰਦਰ ਸਿੰਘ, ਬਲਵਿੰਦਰ ਸਿੰਘ, ਪ੍ਰਧਾਨ ਮੰਦਰ ਕਮੇਟੀ ਸੁਰਜੀਤ ਸਿੰਘ, ਰਾਮ ਸਿੰਘ, ਰਹਪਾਲ ਸਿੰਘ ਤੇ ਹੋਰਨਾਂ ਨੇ ਦੱਸਿਆ ਕਿ 1996 ਵਿੱਚ ਸਰਕਾਰ ਵੱਲੋਂ ਫਤਿਹਾਬਾਦ ਰੋਡ ਤੋਂ ਜਾਖਨ ਦਾਦੀ ਮੰਦਰ ਤੱਕ ਸੜਕ ਬਣਾਉਣ ਦੇ ਹੁਕਮ ਦਿੱਤੇ ਗਏ ਸਨ। ਉਸ ਸਮੇਂ ਇਸ ਸੜਕ ਦੀ ਚੌੜਾਈ ਸਿਰਫ਼ ਸਾਢੇ 16 ਫੁੱਟ ਸੀ ਤਾਂ ਵਿਭਾਗ ਨੇ ਪਿੰਡ ਵਾਸੀਆਂ ਨੂੰ ਦੱਸਿਆ ਕਿ ਵਿਭਾਗ ਵੱਲੋਂ 33 ਫੁੱਟ ਚੌੜੀ ਸੜਕ ਬਣਾਈ ਜਾ ਰਹੀ ਹੈ, ਜਿਸ ਨੂੰ ਬਣਾਉਣ ਲਈ ਲੋਕਾਂ ਨੇ ਅਰਜ਼ੀਆਂ ਦਿੱਤੀਆਂ ਸਨ। ਮੰਦਰ ਨੂੰ ਜਾਂਦੀ ਸੜਕ ਦੇ ਦੋਵੇਂ ਪਾਸੇ ਸਾਢੇ 16 ਫੁੱਟ ਜ਼ਮੀਨ ਵਿਭਾਗ ਨੂੰ ਦਿੱਤੀ ਗਈ ਸੀ। ਇਸ ਤੋਂ ਬਾਅਦ ਵਿਭਾਗ ਵੱਲੋਂ ਕਰੀਬ 13 ਫੁੱਟ ਚੌੜੀ ਸੜਕ ਤੱਕ ਪੱਥਰ ਅਤੇ ਤਾਰਕੋਲ ਪਾ ਕੇ ਸੜਕ ਬਣਾਈ ਗਈ। ਪਿੰਡ ਵਾਸੀਆਂ ਨੇ ਦੱਸਿਆ ਕਿ ਇਸ ਤੋਂ ਬਾਅਦ ਵਿਭਾਗ ਵੱਲੋਂ ਸੜਕ ਦੀ ਦੋ-ਤਿੰਨ ਵਾਰ ਮੁਰੰਮਤ ਕੀਤੀ ਗਈ ਅਤੇ ਸੜਕ ਦੀ ਚੌੜਾਈ ਵੀ 18 ਫੁੱਟ ਤੱਕ ਵਧਾ ਦਿੱਤੀ ਗਈ। ਪਿੰਡ ਵਾਸੀਆਂ ਨੇ ਦੋਸ਼ ਲਾਇਆ ਕਿ ਹੁਣ ਲੋਕ ਨਿਰਮਾਣ ਵਿਭਾਗ ਨੇ ਇਸ ਖਸਤਾ ਹਾਲਤ ਸੜਕ ਨੂੰ ਨਵੀਂ ਬਣਾਉਣ ਲਈ ਠੇਕੇਦਾਰ ਨੂੰ ਟੈਂਡਰ ਜਾਰੀ ਕਰ ਦਿੱਤਾ ਸੀ ਪਰ ਅੱਜ ਜਦੋਂ ਠੇਕੇਦਾਰ ਨੇ ਉਕਤ ਸੜਕ ਨੂੰ ਬਜਰੀ ਅਤੇ ਤਾਰਕੋਲ ਪਾਉਣ ਦੀ ਬਜਾਏ ਇੰਟਰਲੌਕ ਟਾਈਲਾਂ ਨਾਲ ਬਣਾਉਣਾ ਸ਼ੁਰੂ ਕਰ ਦਿੱਤਾ ਤਾਂ ਸਮੂਹ ਪਿੰਡ ਵਾਸੀ ਰੋਹ ਵਿੱਚ ਆ ਗਏ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਇਸ ਸੜਕ 'ਤੇ ਕਈ ਸ਼ੈਲਰ ਵੀ ਬਣੇ ਹੋਏ ਹਨ, ਜਿਸ ਕਾਰਨ ਇਸ ਸੜਕ 'ਤੇ ਭਾਰੀ ਟਰਾਲੀਆਂ ਆਉਂਦੀਆਂ-ਜਾਂਦੀਆਂ ਰਹਿੰਦੀਆਂ ਹਨ। ਪਿੰਡ ਵਾਸੀਆਂ ਨੇ ਦੱਸਿਆ ਕਿ ਇਸ ਸਮੱਸਿਆ ਬਾਰੇ ਵਿਧਾਇਕ ਲਛਮਣ ਨਾਪਾ ਅਤੇ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੂੰ ਵੀ ਜਾਣੂ ਕਰਵਾਇਆ ਗਿਆ ਹੈ, ਜਿਸ 'ਤੇ ਵਿਧਾਇਕ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਹੈ ਕਿ ਸੜਕ ਨੂੰ ਤਾਰਕੋਲ ਅਤੇ ਬਜਰੀ ਨਾਲ ਹੀ ਬਣਾਇਆ ਜਾਵੇਗਾ।

# ਕੁਰੂਕਸ਼ੇਤਰ ਜ਼ਿਲ੍ਹੇ 'ਚ 343 ਮੀਟਰਿਕ ਟਨ ਕਣਕ ਦੀ ਖਰੀਦ

ਸ਼ਾਹਬਾਦ ਮਾਰਕੰਡਾ, 13 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਡਿਪਟੀ ਕਮਿਸ਼ਨਰ ਸ਼ਾਂਤਨੂੰ ਸ਼ਰਮਾ ਨੇ ਦੱਸਿਆ ਹੈ ਕਿ ਕੁਰੂਕਸ਼ੇਤਰ ਜ਼ਿਲ੍ਹੇ ਵਿੱਚ ਕਣਕ ਦੇ ਖਰੀਦ ਸੀਜ਼ਨ ਦੌਰਾਨ ਹੁਣ ਤੱਕ ਵੱਖ-ਵੱਖ ਖਰੀਦ ਏਜੰਸੀਆਂ ਨੇ ਖਰੀਦ ਕੇਂਦਰਾਂ ਤੋਂ ਕੁੱਲ 343 ਮੀਟਰਿਕ ਟਨ ਕਣਕ ਦੀ ਖਰੀਦ ਕੀਤੀ ਹੈ। ਸਾਰੇ ਜ਼ਿਲ੍ਹੇ ਵਿਚ ਕਣਕ ਦੀ ਖਰੀਦ ਦਾ ਕੰਮ ਸੁਚਾਰੂ ਢੰਗ ਨਾਲ ਚੱਲ ਰਿਹਾ ਹੈ। ਕਿਸਾਨ ਆਪਣੇ ਨਿਰਧਾਰਤ ਸਮੇਂ ਅਨੁਸਾਰ ਆਪਣੀ ਫਸਲ ਲੈ ਕੇ ਖਰੀਦ ਕੇਂਦਰਾਂ 'ਤੇ ਪਹੁੰਚ ਰਹੇ ਹਨ। ਡਿਪਟੀ ਕਮਿਸ਼ਨਰ ਸ਼ਾਂਤਨੂੰ ਸ਼ਰਮਾ ਨੇ ਦੱਸਿਆ ਕਿ ਜ਼ਿਲ੍ਹਾ ਖੁਰਾਕ ਸਪਲਾਈ ਵਿਭਾਗ ਵੱਲੋਂ ਜਾਰੀ ਰਿਪੋਰਟ ਦੇ ਆਧਾਰ 'ਤੇ ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਸਾਰੇ ਖਰੀਦ ਕੇਂਦਰਾਂ 'ਤੇ 343 ਮੀਟਰਿਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ, ਜਿਸ 'ਚ 269 ਮੀਟਰਿਕ ਟਨ ਕਣਕ ਖੁਰਾਕ ਤੇ ਸਪਲਾਈ ਵਿਭਾਗ, ਹੈਫੇਡ ਨੇ 50 ਮੀਟਰਿਕ ਟਨ ਤੇ ਵਪਾਰੀਆਂ ਵੱਲੋਂ 24 ਮੀਟਰਿਕ ਟਨ ਕਣਕ ਦੀ ਖਰੀਦ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਕੁਰੂਕਸ਼ੇਤਰ ਮੰਡੀ ਵਿੱਚ 38 ਮੀਟਰਿਕ ਟਨ, ਲਾਡਵਾ ਮੰਡੀ 'ਚ 50 ਮੀਟਰਿਕ ਟਨ, ਪਿਪਲੀ ਮੰਡੀ 'ਚ 95 ਮੀਟਰਿਕ ਟਨ, ਸ਼ਾਹਬਾਦ ਮੰਡੀ 'ਚ 160 ਮੀਟਰਿਕ ਟਨ ਕਣਕ ਦੀ ਖਰੀਦ ਕੀਤੀ ਗਈ ਹੈ। ਪ੍ਰਸ਼ਾਸਨ ਵੱਲੋਂ ਫਸਲਾਂ ਨੂੰ ਖਰੀਦ ਕੇਂਦਰਾਂ ਵਿਚ ਲਿਆਉਣ ਲਈ ਇਕ ਸਾਰਣੀ ਬਣਾਈ ਗਈ ਹੈ, ਜਿਸ ਦੇ ਤਹਿਤ ਕਿਸਾਨਾਂ ਨੂੰ ਬੁਲਾਇਆ ਜਾ ਰਿਹਾ ਹੈ। ਹੁਣ ਤੱਕ ਫੂਡ ਸਪਲਾਈ ਵਿਭਾਗ ਵੱਲੋਂ 269 ਮੀਟਰਿਕ ਟਨ, ਹੈਫੇਡ ਨੇ 50 ਮੀਟਰਿਕ ਟਨ ਤੇ ਵਪਾਰੀਆਂ ਵਲੋਂ 24 ਮੀਟਰਿਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ, ਜਿਸ ਵਿਚ 71 ਕਿਸਾਨਾਂ ਦੀ ਕਣਕ ਦੀ ਫਸਲ ਵੀ ਸ਼ਾਮਲ ਹੈ।

# ਮੁਸਲਿਮ ਭਾਈਚਾਰੇ ਨੇ ਸ਼ਰਧਾ ਨਾਲ ਈਦ ਮਨਾਈ

ਯਮੁਨਾਨਗਰ, 13 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਇੱਥੇ ਸ਼ਾਦੀਪੁਰ ਇਲਾਕੇ 'ਚ ਮੁਸਲਿਮ ਭਾਈਚਾਰੇ ਦੇ ਲੋਕਾਂ ਨੇ ਵੱਡੀ ਗਿਣਤੀ ਵਿੱਚ ਇਕੱਤਰ ਹੋ ਕੇ ਈਦਗਾਹ 'ਤੇ ਨਮਾਜ਼ ਅਦਾ ਕੀਤੀ ਅਤੇ ਇੱਕ ਦੂਜੇ ਨੂੰ ਗਲੇ ਮਿਲ ਕੇ ਈਦ ਦੀ ਮੁਬਾਰਕਬਾਦ ਦਿੱਤੀ। ਇਸ ਮੌਕੇ ਰਾਦੌਰ ਵਿਧਾਨ ਸਭਾ ਦੇ ਕਾਂਗਰਸੀ ਵਿਧਾਇਕ ਬਿਸ਼ਨ ਲਾਲ ਸੈਣੀ ਵੀ ਪੁੱਜੇ, ਜਿਨ੍ਹਾਂ ਨੇ ਸਾਰਿਆਂ ਨੂੰ ਮਿੱਠੀ ਈਦ ਦੀ ਵਧਾਈ ਦਿੱਤੀ। ਈਦਗਾਹ ਦੇ ਇਮਾਮ ਮੁਹੰਮਦ ਜ਼ਫ਼ਰ ਨੇ ਦੱਸਿਆ ਕਿ ਈਦ-ਉਲ-ਫਿਤਰ ਦੇ ਤਿਉਹਾਰ ਦਾ ਮੁਸਲਿਮ ਭਾਈਚਾਰੇ ਵਿੱਚ ਵਿਸ਼ੇਸ਼ ਮਹੱਤਵ ਹੈ, ਜੋ ਕਿ ਰਮਜ਼ਾਨ ਮਹੀਨੇ ਦੇ ਅੰਤ ਵਿੱਚ ਮਨਾਈ ਜਾਂਦੀ ਹੈ। ਈਦ-ਉਲ-ਫਿਤਰ ਨੂੰ ਮਿੱਠੀ ਈਦ ਵੀ ਕਿਹਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਰਮਜ਼ਾਨ ਦੇ ਮਹੀਨੇ ਲੋਕ ਰੋਜ਼ੇ ਰੱਖਦੇ ਹਨ ਅਤੇ ਅੱਲ੍ਹਾ ਦੀ ਇਬਾਦਤ ਕਰਦੇ ਹਨ। ਇਸ ਖਾਸ ਮੌਕੇ 'ਤੇ ਲੋਕ ਇਕ ਦੂਜੇ ਨੂੰ ਗਲੇ ਲਗਾ ਕੇ ਈਦ ਦੀ ਵਧਾਈ ਦਿੰਦੇ ਹਨ। ਉਨ੍ਹਾਂ ਦੱਸਿਆ ਕਿ ਅੱਜ ਇਸ ਇਲਾਕੇ ਦੇ ਲੋਕ ਵੱਡੀ ਗਿਣਤੀ ਵਿੱਚ ਈਦ ਦੀ ਨਮਾਜ਼ ਅਦਾ ਕਰਨ ਲਈ ਆਏ ਸਨ। ਨਮਾਜ਼ ਵਿੱਚ ਉਨ੍ਹਾਂ ਨੇ ਦੇਸ਼ ਵਿੱਚ ਸ਼ਾਂਤੀ, ਆਪਸੀ ਸਾਂਝ ਅਤੇ ਖੁਸ਼ਹਾਲੀ ਲਈ ਦੁਆ ਕੀਤੀ। ਇਸ ਮੌਕੇ ਕਾਂਗਰਸੀ ਵਿਧਾਇਕ ਬਿਸ਼ਨ ਲਾਲ ਸੈਣੀ ਨੇ ਈਦ ਦੇ ਮੌਕੇ ਸਾਰਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਈਦ-ਉਲ-ਫਿਤਰ ਦਾ ਤਿਉਹਾਰ ਏਕਤਾ ਅਤੇ ਸਮਾਜ ਵਿਚ ਆਪਸੀ ਭਾਈਚਾਰੇ ਦਾ ਪ੍ਰਤੀਕ ਹੈ। ਸਾਨੂੰ ਸਾਰਿਆਂ ਨੂੰ ਮਿਲ ਕੇ ਆਪਣੇ ਦੇਸ਼ ਅਤੇ ਸਮਾਜ ਦੀ ਤਰੱਕੀ ਲਈ ਅੱਗੇ ਵਧਣਾ ਹੋਵੇਗਾ।

ਈਦ-ਉਲ-ਫਿਤਰ ਦਾ ਤਿਉਹਾਰ ਅੱਜ ਈਦਗਾਹ ਬਾਬੈਨ ਵਿਚ ਮੁਸਲਿਮ ਸਮਾਜ ਵੱਲੋਂ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਜਾਮਾ ਮਸਜਿਦ ਦੇ ਇਮਾਮ ਜਾਨ ਮੁਹੰਮਦ ਨੇ ਮੁਸਲਿਮ ਭਾਈਚਾਰੇ ਦੇ ਲੋਕਾਂ ਦੀ ਅਗਵਾਈ ਕਰ ਈਦ ਉਲ ਫਿਤਰ ਦੀ ਨਮਾਜ਼ ਅਦਾ ਕੀਤੀ। ਮੁਸਲਿਮ ਤੇ ਹਿੰਦੂ ਭਾਈਚਾਰੇ ਦੇ ਲੋਕਾਂ ਨੇ ਇਕ ਦੂਜੇ ਦੇ ਗਲੇ ਮਿਲ ਕੇ ਇਕ ਦੂਜੇ ਨੂੰ ਈਦ ਦੀ ਵਧਾਈ ਦਿੱਤੀ ਤੇ ਮਠਿਆਈਆਂ ਨਾਲ ਮੂੰਹ ਮਿੱਠਾ ਕਰਾਇਆ।

ਇਸ ਮੌਕੇ ਜਾਮਾ ਮਸਜਿਦ ਦੇ ਇਮਾਮ ਜਾਨ ਮਹੁੰਮਦ ਨੇ ਕਿਹਾ ਕਿ ਈਦ ਦਾ ਤਿਉਹਾਰ ਸਾਨੂੰ ਆਪਸੀ ਪਿਆਰ ਤੇ ਭਾਈਚਾਰਾ ਕਾਇਮ ਕਰਨ, ਟੁੱਟੇ ਰਿਸ਼ਤਿਆਂ ਨੂੰ ਗੰਢਣ, ਗਰੀਬ, ਯਤੀਮਾਂ, ਬੇਸਹਾਰਾ ਬੱਚਿਆਂ ਤੇ ਲੋੜਵੰਦਾ ਦੀ ਮਦਦ ਕਰਨ ਦਾ ਸੰਦੇਸ਼ ਦਿੰਦਾ ਹੈ। ਉਨ੍ਹਾਂ ਕਿਹਾ ਕਿ ਈਦ-ਉਲ-ਫਿਤਰ ਦੇ ਪਵਿੱਤਰ ਤਿਉਹਾਰ 'ਤੇ ਜੇਕਰ ਅਸੀਂ ਸਮਾਜ ਦੇ ਕਮਜ਼ੋਰ, ਅਨਾਥ ਤੇ ਗਰੀਬ ਲੋਕਾਂ ਨੂੰ ਆਪਣੀਆਂ ਖੁਸ਼ੀਆਂ ਵਿਚ ਸ਼ਾਮਲ ਕਰਕੇ ਉਨ੍ਹਾਂ ਦੀ ਮਦਦ ਕਰੀਏ ਤਾਂ ਇਹ ਨਾ ਸਿਰਫ ਸਾਡੀ ਜ਼ਿੰਦਗੀ ਦੀ ਵੱਡੀ ਪ੍ਰਾਪਤੀ ਹੋਵੇਗੀ, ਬਲਕਿ ਨਾਖੁਸ਼ ਲੋਕਾਂ ਦੀ ਜ਼ਿੰਦਗੀ ਵਿਚ ਬਸੰਤ ਆ ਜਾਵੇਗੀ।

# ਅਨਾਜ ਮੰਡੀ 'ਚ ਪੁਖਤਾ ਪ੍ਰਬੰਧ ਨਾ ਹੋਣ ਕਾਰਨ ਕਿਸਾਨ ਪ੍ਰੇਸ਼ਾਨ



ਰਤੀਆ, 13 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸਾਥੀਆਂ ਨੇ ਅਨਾਜ ਮੰਡੀ ਦੀਆਂ ਸਮੱਸਿਆਵਾਂ ਸਬੰਧੀ ਮਾਰਕੀਟ ਕਮੇਟੀ ਰਤੀਆ ਦੇ ਸਕੱਤਰ ਨਾਲ ਮੁਲਾਕਾਤ ਕੀਤੀ। ਬਲਾਕ ਪ੍ਰਧਾਨ ਗੁਰਲਾਲ ਸਿੰਘ ਨੇ ਦੱਸਿਆ ਕਿ ਹਰ ਸਾਲ ਰਤੀਆ ਸ਼ਹਿਰ ਦੀ ਅਨਾਜ ਮੰਡੀ ਵਿੱਚ ਸਫ਼ਾਈ ਨਾ ਹੋਣ ਤੇ ਕਿਸਾਨਾਂ ਨੂੰ ਹੋਰ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪੀਣ ਵਾਲੇ ਪਾਣੀ ਦੀ ਸਮੱਸਿਆ ਅਤੇ ਬਾਥਰੂਮਾਂ ਵਿੱਚ ਸਫ਼ਾਈ ਨਾ ਹੋਣ ਅਤੇ ਕਿਸਾਨਾਂ ਨੂੰ ਸਮੇਂ ਸਿਰ ਬਾਰਦਾਨਾ ਨਾ ਮਿਲਣਾ ਆਦਿ ਮੁਸ਼ਕਲਾਂ ਹਨ।

ਉਨ੍ਹਾਂ ਮੰਗ ਕੀਤੀ ਕਿ ਅਨਾਜ ਮੰਡੀ ਵਿੱਚ ਚੌਕੀਦਾਰ ਦਾ ਪ੍ਰਬੰਧ ਹੋਣਾ ਚਾਹੀਦਾ ਹੈ ਤਾਂ ਜੋ ਮੰਡੀ ਵਿੱਚ ਹੋਣ ਵਾਲੀਆਂ ਚੋਰੀਆਂ ਨੂੰ ਰੋਕਿਆ ਜਾ ਸਕੇ। ਇਸ ਸਮੇਂ ਦੋਸਤ ਨਿਰਭੈ ਸਿੰਘ, ਗੁਰਲਾਲ ਸਿੰਘ, ਗਗਨ ਭੁੱਲਰ, ਕਰਮਜੀਤ ਸਿੰਘ ਕੰਮੂ, ਲਹਿਰੀ ਸਿੰਘ ਆਦਿ ਹਾਜ਼ਰ ਸਨ।

# ਹਰਿਆਣਾ ਕਮੇਟੀ ਦੇ ਮੁਲਾਜ਼ਮਾਂ ਵੱਲੋਂ ਸਰਕਾਰ ਵਿਰੁੱਧ ਧਰਨਾ

ਸ਼ਾਹਬਾਦ ਮਾਰਕੰਡਾ, 13 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਬੈਂਕ ਖਾਤਿਆਂ ਦੇ ਡੈਬਿਟ ਰੁਕਣ ਦੇ ਵਿਰੋਧ ਵਿੱਚ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮਾਂ ਨੇ ਦੂਜੇ ਦਿਨ ਵੀ ਹੜਤਾਲ ਕੀਤੀ ਅਤੇ ਮੁੱਖ ਮੰਤਰੀ ਦੇ ਨਾਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਮੰਗ ਪੱਤਰ ਸੌਂਪਿਆ। ਧਰਨਾਕਾਰੀ ਸਹਾਇਕ ਸੁਪਰਵਾਈਜ਼ਰ ਹਰਕੀਰਤ ਸਿੰਘ ਦੀ ਅਗਵਾਈ ਹੇਠ ਮਿਨੀ ਸਕੱਤਰੇਤ ਪੁੱਜੇ, ਇਥੇ ਮੁਲਾਜ਼ਮਾਂ ਨੇ ਹਰਿਆਣਾ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਅਤੇ 15 ਅਪਰੈਲ ਤੱਕ ਬੈਂਕ ਖਾਤਿਆਂ ਵਿੱਚੋਂ ਡੈਬਿਟ ਫਰੀਜ਼ ਹਟਾਉਣ ਦੀ ਮੰਗ ਕੀਤੀ। ਧਰਨਾਕਾਰੀਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ 15 ਅਪਰੈਲ ਤੱਕ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਕੰਮ ਕਰਦੇ ਸੂਬੇ ਭਰ ਦੇ ਮੁਲਾਜ਼ਮ ਮਿਨੀ ਸਕੱਤਰੇਤ ਵਿੱਚ ਇਕੱਠੇ ਹੋ ਕੇ ਡੀਸੀ ਦਫ਼ਤਰ ਦਾ ਘਿਰਾਓ ਕਰਨਗੇ। ਇਸ ਤੋਂ ਪਹਿਲਾਂ ਮੁਲਾਜ਼ਮਾਂ ਨੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਦਫ਼ਤਰ ਅੱਗੇ ਹੜਤਾਲ ਕੀਤੀ ਅਤੇ ਸੂਬੇ ਦੀ ਭਾਜਪਾ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਸਹਾਇਕ ਸੁਪਰਵਾਈਜ਼ਰ ਹਰਕੀਰਤ ਸਿੰਘ ਨੇ ਕਿਹਾ ਕਿ ਜੇਕਰ ਗੁਰੂ ਘਰ ਦੇ ਫੰਡਾਂ ਦੀ ਕਿਸੇ ਵੀ ਤਰ੍ਹਾਂ ਦੁਰਵਰਤੋਂ ਹੋਈ ਹੈ ਤਾਂ ਸਰਕਾਰ ਨੂੰ ਇਸ ਦੀ ਜਾਂਚ ਕਰਵਾਉਣੀ ਚਾਹੀਦੀ ਹੈ ਪਰ ਸੰਸਥਾ ਦੇ ਬੈਂਕ ਖਾਤੇ ਦੇ ਡੈਬਿਟ ਨੂੰ ਫਰੀਜ਼ ਕਰਨਾ ਕਿਸੇ ਵੀ ਤਰ੍ਹਾਂ ਉਚਿਤ ਨਹੀਂ ਹੈ। ਇਸ ਕਾਰਨ ਨਾ ਸਿਰਫ਼ ਮੁਲਾਜ਼ਮਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਸਗੋਂ ਸੰਸਥਾ ਦਾ ਨਾਂ ਵੀ ਖ਼ਰਾਬ ਹੋ ਰਿਹਾ ਹੈ। ਇਸ ਨਾਲ ਸੰਗਤ ਵਿੱਚ ਸਰਕਾਰ ਪ੍ਰਤੀ ਗਲਤ ਸੰਦੇਸ਼ ਜਾ ਰਿਹਾ ਹੈ। ਇਸ ਕਾਰਨ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਵੀ ਕਾਫੀ ਪ੍ਰਭਾਵਿਤ ਹੋ ਰਿਹਾ ਹੈ, ਜਿਸ ਦੀ ਜ਼ਿੰਮੇਵਾਰੀ ਸਰਕਾਰ ਦੀ ਹੈ।

# ਜਸਵਿੰਦਰ ਸਿੰਘ ਦਾ ਨਾਵਲ 'ਸੁਰਖ਼ ਸਾਜ਼' ਲੋਕ



ਕੁਰੂਕਸ਼ੇਤਰ, 13 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਕੁਰੂਕਸ਼ੇਤਰ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵੱਲੋਂ ਜਸਵਿੰਦਰ ਸਿੰਘ ਦੇ ਨਵੇਂ ਨਾਵਲ 'ਸੁਰਖ਼ ਸਾਜ਼' ਦਾ ਲੋਕ ਅਰਪਣ ਅਤੇ 'ਸੁਰਖ਼ ਸਾਜ਼ਃ ਦ੍ਰਿਸ਼ ਅਤੇ ਦ੍ਰਿਸ਼ਟੀ' ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ। ਪੰਜਾਬੀ ਵਿਭਾਗ ਦੇ ਮੁਖੀ ਡਾ. ਕੁਲਦੀਪ ਸਿੰਘ ਨੇ ਸੈਮੀਨਾਰ 'ਚ ਮਹਿਮਾਨਾਂ ਅਤੇ ਡੈਲੀਗੇਟਾਂ ਦਾ ਸੁਆਗਤ ਕਰਦਿਆਂ ਕਿਹਾ ਕਿ ਸੁਰਖ਼ ਸਾਜ਼ ਨਾਵਲ ਪਰਵਾਸ ਦੌਰਾਨ ਨੌਜਵਾਨਾਂ ਨੂੰ ਕੱਚੇ ਤੋਂ ਪੱਕੇ ਹੋਣ ਲਈ ਕਿਹੜੀਆਂ ਮੁਸ਼ਕਿਲਾਂ, ਔਕੜਾਂ, ਮਾਯੂਸੀਆਂ ਤੇ ਬੇਭਰੋਸਗੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉਨ੍ਹਾਂ ਨੂੰ ਜੀਵੰਤ ਦ੍ਰਿਸ਼ ਚਿੱਤਰਾਂ ਦੇ ਗਲਪੀ ਬਿੰਬ ਰਾਹੀਂ ਠਰੰਮੇ ਅਤੇ ਸਹਿਜ ਨਾਲ ਪੇਸ਼ ਕਰਦਾ ਹੈ।

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਆਏ ਪ੍ਰੋ. ਮਨਜਿੰਦਰ ਸਿੰਘ ਨੇ ਸੈਮੀਨਾਰ ਦੀ ਰੂਪ ਰੇਖਾ ਸਰੋਤਿਆਂ ਨਾਲ ਸਾਂਝੀ ਕਰਦੇ ਹੋਏ ਨਾਵਲ ਦੇ ਵੱਖ-ਵੱਖ ਮਸਲਿਆਂ 'ਤੇ ਚਾਨਣਾ ਪਾਇਆ

। ਉਨ੍ਹਾਂ ਨਾਵਲਕਾਰ ਜਸਵਿੰਦਰ ਸਿੰਘ ਦੀ ਸ਼ਖ਼ਸੀਅਤ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਪ੍ਰੋ. ਜਸਵਿੰਦਰ ਸਿੰਘ ਨੇ ਕਿਹਾ ਕਿ ਅਜੋਕੇ ਦੌਰ ਵਿਚ ਪੰਜਾਬੀ ਬੰਦਾ ਪਿਛਲੱਗ ਅਤੇ ਮੂੰਹ ਜ਼ੋਰ ਹੁੰਦਾ ਜਾ ਰਿਹਾ ਹੈ, ਜਿਸ ਨਾਲ ਅਸੀਂ ਹਮੇਸ਼ਾ ਪਿੱਛੇ ਵੱਲ ਜਾਂਦੇ ਹਾਂ।

ਕੁਰੂਕਸ਼ੇਤਰ ਯੂਨੀਵਰਸਿਟੀ ਦੇ ਵਾਈਸ ਚਾਂਸਲਰ, ਪ੍ਰੋਫ਼ੈਸਰ ਸੋਮਨਾਥ ਸਚਦੇਵਾ ਨੇ ਮੁੱਖ ਮਹਿਮਾਨ ਵਜੋਂ ਸੁਰਖ਼ ਸਾਜ਼ ਨਾਵਲੀ ਲਿਖਤ ਬਾਰੇ ਗੱਲ ਕਰਦਿਆਂ ਕਿਹਾ ਕਿ ਪ੍ਰੋ. ਜਸਵਿੰਦਰ ਸਿੰਘ ਨੇ ਪੂਰਬੀ ਅਤੇ ਪੱਛਮੀ ਸੱਭਿਅਤਾ ਦਾ ਤੁਲਨਾਤਮਕ ਅਧਿਐਨ ਬੜੇ ਸੁਹਿਰਦ ਢੰਗ ਨਾਲ ਕੀਤਾ ਹ

ੈ। ਸਾਹਿਤ ਅਕਾਦਮੀ ਦੇ ਪੰਜਾਬੀ ਸਲਾਹਕਾਰ ਬੋਰਡ ਦੇ ਕਨਵੀਨਰ ਪ੍ਰੋ. ਰਵੇਲ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਨਾਵਲ ਵਿਚਲੇ ਪੰਜਾਬੀ ਜੀਵਨ ਅਤੇ ਪੰਜਾਬੀਅਤ ਦੀ ਗੱਲ ਕੀਤੀ।

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਆਏ ਪ੍ਰੋਫ਼ੈਸਰ ਗੁਰਪਾਲ ਸਿੰਘ ਸੰਧੂ ਨੇ ਨਾਵਲ ਬਾਰੇ ਆਪਣੇ ਮੁੱਲਵਾਨ ਵਿਚਾਰ ਸਾਂਝੇ ਕੀਤੇ। ਵਿਸ਼ੇਸ ਮਹਿਮਾਨ ਪ੍ਰੋ. ਧਨਵੰਤ ਕੌਰ ਨੇ ਕਿਹਾ ਕਿ ਇਹ ਨਾਵਲ ਪੰਜਾਬੀ ਨੌਜਵਾਨਾਂ ਦੇ ਵਿਦੇਸ਼ਾਂ ਵਿਚ ਕਾਨੂੰਨੀ ਜਾਂ ਗ਼ੈਰਕਾਨੂੰਨੀ ਢੰਗ ਨਾਲ ਜਾਣ ਅਤੇ ਅਮਰੀਕਾ ਦੇ ਪੰਜਾਬੀ ਡਾਇਸਪੋਰੇ ਦੀਆਂ ਜਟਿਲਤਾਵਾਂ ਦਾ ਮਹਾਂਦ੍ਰਿਸ਼ ਸਾਹਮਣੇ ਲਿਆਉਂਦਾ ਹੈ। ਇਸ ਦੇ ਨਾਲ ਹੀ ਡਾ. ਗੁਰਿੰਦਰ ਸਿੰਘ ਹਾਂਡਾ ਤੇ ਪੰਜਾਬੀ ਵਿਭਾਗ ਦੀ ਸਹਾਇਕ ਪ੍ਰੋ. ਪਰਮਜੀਤ ਕੌਰ ਨੇ ਪ੍ਰੋਗਰਾਮ ਦਾ ਮੰਚ ਸੰਚਾਲਨ ਕਰਦਿਆਂ ਨਾਵਲ ਸੁਰਖ਼ ਸਾਜ਼ ਬਾਰੇ ਸਟੀਕ ਅਤੇ ਸਾਰਥਿਕ ਟਿੱਪਣੀਆਂ ਪੇਸ਼ ਕੀਤੀਆਂ।

ਇਸ ਸੈਮੀਨਾਰ ਵਿਚ ਡਾ. ਪਰਵੀਨ ਕੁਮਾਰ, ਡਾ. ਕਮਲਜੀਤ ਸਿੰਘ, ਡਾ. ਬੀਰਬਲ ਸਿੰਘ, ਪ੍ਰੋ. ਜਗਮੋਹਨ ਸਿੰਘ, ਡਾ. ਸਿਮਰਜੀਤ ਕੌਰ ਤੇ ਡਾ. ਗੁਰਪ੍ਰੀਤ ਸਿੰਘ ਨੇ ਇਸ ਨਾਵਲ ਸਬੰਧੀ ਆਪਣੇ ਖੋਜ ਪੱਤਰ ਪੇਸ਼ ਕੀਤੇ। ਇਸ ਸੈਮੀਨਾਰ ਵਿਚ ਡੀਨ, ਭਾਸ਼ਾ ਅਤੇ ਅਕਾਦਮਿਕ ਮਾਮਲੇ ਪ੍ਰੋ. ਪੁਸ਼ਪਾ ਰਾਣੀ, ਨਛੱਤਰ, ਸਾਹਿਤ ਅਕਾਦਮੀ ਅਵਾਰਡ ਜੇਤੂ ਪੰਜਾਬੀ ਸਾਹਿਤਕਾਰ ਦਿੱਲੀ, ਡਾ. ਸੁਖਜੀਤ ਕੌਰ, ਡਾ. ਗੁਰਚਰਨ ਸਿੰਘ, ਡਾ. ਦਵਿੰਦਰ ਬੀਬੀਪੁਰੀਆ ਆਦਿ ਸ਼ਾਮਲ ਰਹੇ।

# ਇਹ ਕਿਸੇ ਦੇ ਪੁਰਖਿਆਂ ਦੀ ਜਾਇਦਾਦ ਨਹੀਂ: ਕੰਗਨਾ



ਸ਼ਿਮਲਾ, 13 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਹਿਮਾਚਲ ਪ੍ਰਦੇਸ਼ ਦੇ ਮੰਡੀ ਲੋਕ ਸਭਾ ਹਲਕੇ ਤੋਂ ਭਾਜਪਾ ਉਮੀਦਵਾਰ ਕੰਗਨਾ ਰਣੌਤ ਨੇ ਅੱਜ ਸੂਬੇ ਦੇ ਮੰਤਰੀ ਵਿਕਰਮਾਦਿੱਤਿਆ ਸਿੰਘ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਕਿ ਉਹ ਉਸ ਨੂੰ ਧਮਕੀ ਨਹੀਂ ਦੇ ਸਕਦੇ ਅਤੇ ਨਾ ਹੀ ਉਸ ਨੂੰ ਵਾਪਸ ਜਾਣ ਲਈ ਕਹਿ ਸਕਦੇ ਹਨ ਕਿਉਂਕਿ ਇਹ ਉਨ੍ਹਾਂ ਦੇ ਪੁਰਖਿਆਂ ਦੀ ਜਾਇਦਾਦ ਨਹੀਂ ਹੈ। ਸਾਬਕਾ ਮੁੱਖ ਮੰਤਰੀ ਮਰਹੂਮ ਵੀਰਭੱਦਰ ਸਿੰਘ ਅਤੇ ਹਿਮਾਚਲ ਪ੍ਰਦੇਸ਼ ਕਾਂਗਰਸ ਦੀ ਮੁਖੀ ਪ੍ਰਤਿਭਾ ਸਿੰਘ ਦੇ ਪੁੱਤਰ ਤੇ ਹਿਮਾਚਲ ਪ੍ਰਦੇਸ਼ ਦੇ ਪੀਡਬਲਯੂਡੀ ਮੰਤਰੀ ਵਿਕਰਮਾਦਿੱਤਿਆ ਸਿੰਘ ਮੰਡੀ ਲੋਕ ਸਭਾ ਹਲਕੇ ਤੋਂ ਕਾਂਗਰਸ ਦੇ ਉਮੀਦਵਾਰਾਂ ਦੀ ਦੌੜ 'ਚ ਸਭ ਤੋਂ ਅੱਗੇ ਹਨ। ਕੰਗਨਾ ਰਣੌਤ ਨੇ ਮਨਾਲੀ 'ਚ ਇੱਕ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ, 'ਇਹ ਤੁਹਾਡੇ ਪਿਓ-ਦਾਦਿਆਂ ਦੀ ਰਿਆਸਤ ਨਹੀਂ ਕਿ ਤੁਸੀਂ ਮੈਨੂੰ ਡਰਾ ਦੇਵੋਗੇ, ਧਮਕਾ ਕੇ ਵਾਪਸ ਭੇਜ ਦੇਵੋਗੇ।' ਉਨ੍ਹਾਂ ਕਿਹਾ ਕਿ ਇਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਨਵਾਂ ਭਾਰਤ ਹੈ ਜਿੱਥੇ ਕੋਈ ਚਾਹ ਵੇਚਣ ਵਾਲੇ ਛੋਟਾ ਤੇ ਗਰੀਬ ਲੜਕਾ ਲੋਕਾਂ ਦਾ ਪ੍ਰਧਾਨ ਸੇਵਕ ਬਣਿਆ। ਜ਼ਿਕਰਯੋਗ ਹੈ ਕਿ ਵਿਕਰਮਾਦਿੱਤਿਆ ਨੇ ਬੀਤੇ ਦਿਨੀਂ ਕੰਗਨਾ ਰਣੌਤ ਨੂੰ 'ਵਿਵਾਦਾਂ ਦੀ ਕੁਈਨ' ਕਿਹਾ ਸੀ। ਕਾਂਗਰਸ ਆਗੂ ਰਾਹੁਲ ਗਾਂਧੀ ਤੇ ਵਿਕਰਮਾਦਿੱਤਿਆ ਨੂੰ ਅਸਿੱਧੇ ਢੰਗ ਨਾਲ 'ਪੱਪੂ' ਆਖਦਿਆਂ ਕੰਗਨਾ ਨੇ ਕਿਹਾ ਕਿ ਇੱਕ 'ਵੱਡਾ ਪੱਪੂ' ਦਿੱਲੀ ਵਿਚ ਹੈ

## ਪੰਜਾਬ ਪੁਲੀਸ ਨੇ ਜੈਪਾਲ ਭੁੱਲਰ ਗਰੋਹ ਦਾ ਮੈਂਬਰ 3 ਕਿਲੋ ਹੈਰੋਇਨ ਤੇ 2 ਪਿਸਤੌਲਾਂ ਸਣੇ ਕਾਬੂ ਕੀਤਾ

ਚੰਡੀਗੜ੍ਹ, 13 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਸਰਹੱਦ ਪਾਰ ਨਸ਼ਾ ਤਸਕਰੀ ਦੇ ਨੈੱਟਵਰਕ ਨੂੰ ਵੱਡਾ ਝਟਕਾ ਦਿੰਦੇ ਹੋਏ ਜਲੰਧਰ ਕਮਿਸ਼ਨਰੇਟ ਪੁਲੀਸ ਨੇ ਜੈਪਾਲ ਭੁੱਲਰ ਗੈਂਗ ਦੇ ਮੈਂਬਰ ਨੂੰ ਗ੍ਰਿਫ਼ਤਾਰ ਕਰਕੇ 3 ਕਿਲੋ ਹੈਰੋਇਨ ਅਤੇ 2 ਪਿਸਤੌਲ ਬਰਾਮਦ ਕੀਤੇ ਹਨ।

ਡੀਜੀਪੀ ਗੌਰਵ ਯਾਦਵ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਦੱਸਿਆ ਕਿ ਜਾਂਚ ਤੋਂ ਪਤਾ ਲੱਗਾ ਹੈ ਕਿ ਇਹ ਰੈਕੇਟ ਪਾਕਿਸਤਾਨ ਤੋਂ ਸਰਹੱਦ ਪਾਰੋਂ ਹੈਰੋਇਨ ਲਿਆ ਰਿਹਾ ਸੀ।

ਉਨ੍ਹਾਂ ਦੱਸਿਆ ਕਿ ਮੁਲਜ਼ਮ ਵਿਰੁੱਧ ਐੱਨਡੀਪੀਐੱਸ ਐਕਟ ਤਹਿਤ ਕੇਸ ਦਰਜ ਕੀਤਾ ਗਿਆ।

# ਦਿੱਲੀ-ਫਰੀਦਾਬਾਦ ਰੂਟ 'ਤੇ ਰੇਲ ਗੱਡੀਆਂ ਮੁੜ ਸ਼ੁਰੂ ਕਰਨ ਦੀ ਮੰਗ

ਫਰੀਦਾਬਾਦ, 13 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਕਰੋਨਾ ਮਹਾਮਾਰੀ ਦੌਰਾਨ ਦਿੱਲੀ-ਫਰੀਦਾਬਾਦ ਦਰਮਿਆਨ ਰੱਦ ਕੀਤੀਆਂ ਗਈਆਂ ਲੋਕਲ ਰੇਲ ਗੱਡੀਆਂ ਮੁੜ ਸ਼ੁਰੂ ਕਰਨ ਦੀ ਲੋਕ ਯਾਤਰੀਆਂ ਵੱਲੋਂ ਮੰਗ ਕੀਤੀ ਜਾ ਰਹੀ ਹੈ। ਯਾਤਰੀਆਂ ਮੁਤਾਬਕ ਕਰੋਨਾ ਤੋਂ ਪਹਿਲਾਂ 23 ਗੱਡੀਆਂ ਦਿੱਲੀ-ਫਰੀਦਾਬਾਦ ਦਰਮਿਆਨ ਚੱਲਦੀਆਂ ਸਨ ਪਰ ਕਰੋਨਾ ਮਹਾਮਾਰੀ ਦਾ ਜ਼ੋਰ ਘੱਟਣ ਮਗਰੋਂ 13 ਗੱਡੀਆਂ ਹੀ ਸ਼ੁਰੂ ਕੀਤੀਆਂ ਗਈਆਂ, ਜਦੋਂਕਿ 10 ਗੱਡੀਆਂ ਅਜੇ ਵੀ ਰੱਦ ਹੀ ਚੱਲ ਰਹੀਆਂ ਹਨ। ਰੋਜ਼ਾਨਾ ਯਾਤਰੀ ਐਸੋਸੀਏਸ਼ਨ ਵੱਲੋਂ ਮੰਗ ਕੀਤੀ ਗਈ ਹੈ ਕਿ ਲੋਕਲ ਗੱਡੀਆਂ ਸ਼ੁਰੂ ਕਰਨ ਨਾਲ ਆਮ ਲੋਕਾਂ ਨੂੰ ਲਾਹਾ ਮਿਲੇਗਾ ਤੇ ਉਹ ਸਸਤੀ ਦਰ ਨਾਲ ਨਵੀਂ ਦਿੱਲੀ, ਦਿੱਲੀ, ਗਾਜ਼ੀਆਬਾਦ, ਨੋਇਡਾ, ਪਲਵਲ, ਮਥੁਰਾ ਦਾ ਸਫ਼ਰ ਕਰ ਸਕਣਗੇ। ਸਮਾਜ ਸੇਵੀ ਮੰਗਲ ਸਿੰਘ ਔਜਲਾ ਨੇ ਕਿਹਾ ਕਿ ਕੇਂਦਰ ਸਰਕਾਰ ਲੋਕਲ ਗੱਡੀਆਂ ਸ਼ੁਰੂ ਕਰਨ ਬਾਰੇ ਵਿਚਾਰ ਕਰੇ ਕਿਉਂਕਿ ਦੋ ਸਾਲ ਤੋਂ ਲੋਕ ਰੱਦ ਰੇਲਾਂ ਮੁੜ ਸ਼ੁਰੂ ਕਰਨ ਦੀ ਮੰਗ ਉਠਾਉਂਦੇ ਆਏ ਹਨ।

# ਪੰਜਾਬ ਬਚਾਓ ਯਾਤਰਾ 'ਚ ਹਜ਼ਾਰਾਂ ਦੇ ਇੱਕਠ ਨੇ ਤੋੜੇ ਸਾਰੇ ਰਿਕਾਰਡ

## ਪਰਮਜੀਤ ਸਿੰਘ ਢਿੱਲੋਂ ਦੀ ਪਾਰਟੀ ਲਈ ਕੀਤੀ ਹੋਈ ਮਿਹਨਤ ਸਫ਼ਲ ਹੋਈ: ਹਰਜਿੰਦਰ ਖੇੜਾ, ਹਰਜੋਤ ਮਾਂਗਟ



ਮਾਛੀਵਾੜਾ ਸਾਹਿਬ, 13 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਸ਼ੁਰੂ ਕੀਤੀ ਗਈ ਪੰਜਾਬ ਬਚਾਓ ਯਾਤਰਾ ਦਾ ਮਾਛੀਵਾੜਾ ਸਾਹਿਬ ਪੁੱਜਣ ਤੇ ਸਮੁੱਚੀ ਲੀਡਰਸ਼ਿਪ ਅਤੇ ਪਾਰਟੀ ਵਰਕਰਾਂ ਵੱਲੋਂ ਜੋਰਦਾਰ ਸਵਾਗਤ ਕੀਤਾ ਗਿਆ ਅਤੇ ਇਤਿਹਾਸਿਕ ਸ਼ਹਿਰ ਸ਼੍ਰੋਮਣੀ ਅਕਾਲੀ ਦਲ ਜਿੰਦਾਬਾਦ ਦੇ ਜੈਕਾਰਿਆਂ ਨਾਲ ਗੂੰਜ ਉਠਿਆ। ਇਸ ਯਾਤਰਾ ਦੇ ਸਵਾਗਤ ਲਈ ਸਹਿਯੋਗ ਦੇਣ ਵਾਲੇ ਸਮੂਹ ਪਾਰਟੀ ਵਰਕਰਾਂ ਖਾਸ ਕਰ ਨੌਜਵਾਨਾਂ ਦਾ ਧੰਨਵਾਦ ਕਰਦਿਆਂ ਆੜਤੀ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਤੇ ਸੀਨੀਅਰ ਅਕਾਲੀ ਆਗੂ ਹਰਜਿੰਦਰ ਸਿੰਘ ਖੇੜਾ ਅਤੇ ਕੋਰ ਕਮੇਟੀ ਮੈਂਬਰ ਹਰਜੋਤ ਸਿੰਘ ਮਾਂਗਟ ਨੇ ਕਿਹਾ ਕਿ ਹਲਕਾ ਇੰਚਾਰਜ ਪਰਮਜੀਤ ਸਿੰਘ ਢਿੱਲੋਂ ਦੀ ਅਗਵਾਈ ਹੇਠ ਹੋਏ ਇਸ ਲਾ ਮਿਸਾਲ ਇਕੱਠ ਅਤੇ ਸ਼ਹਿਰ ਵਿੱਚ ਥਾਂ-ਥਾਂ ਹੋਏ ਭਰਵੇਂ ਸਵਾਗਤ ਤੋ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਗਦ ਗਦ ਹੋ ਉੱਠੇ ਜਿਸ ਨਾਲ ਪਰਮਜੀਤ ਸਿੰਘ ਢਿੱਲੋ ਦਾ ਸਿਆਸੀ ਕੱਦ ਹੋਰ ਉੱਚਾ ਹੋਇਆ ਹੈ। ਹਰਜਿੰਦਰ ਸਿੰਘ ਖੇੜਾ ਅਤੇ ਹਰਜੋਤ ਸਿੰਘ ਮਾਂਗਟ ਨੇ ਕਿਹਾ ਕਿ ਪੰਜਾਬ ਬਚਾਓ ਯਾਤਰਾ ਦੀ ਕਾਮਯਾਬੀ ਤੋਂ ਵਿਰੋਧੀ ਪਾਰਟੀਆਂ ਘਬਰਾਈਆਂ ਹੋਈਆਂ ਹਨ ਕਿਉਂਕਿ ਪੰਜਾਬ ਦੇ ਲੋਕਾਂ ਦੇ ਹਿੱਤ ਦੀ ਰਾਖੀ ਕਰਨ ਵਾਲੀ ਇੱਕੋ ਇੱਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਦਿਨ ਬਾਅਦ ਦਿਨ ਹੋਰ ਮਜਬੂਤ ਹੁੰਦੀ ਜਾ ਰਹੀ ਹੈ। ਉਹਨਾਂ ਇੱਕ ਵਾਰ ਫਿਰ ਤੋਂ ਇਲਾਕੇ ਦੇ ਸਮੁੱਚੇ ਨੌਜਵਾਨਾਂ ਅਤੇ ਪਾਰਟੀ ਵਰਕਰਾਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਇਸੇ ਤਰ੍ਹਾਂ ਜੋਸ਼ੋ ਖਰੋਸ਼ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਨ ਤੇ ਪਾਰਟੀ ਦੀਆਂ ਨੀਤੀਆਂ ਨੂੰ ਘਰ ਘਰ ਪਹੁੰਚਾਉਣ ਲਈ ਕਿਹਾ।

# ਗੁਰਦੁਆਰਾ ਚਰਨ ਕੰਵਲ ਸਾਹਿਬ ਵਿਖੇ ਵਿਸਾਖੀ ਲਈ ਤਿਆਰੀਆਂ ਮੁਕੰਮਲ: ਮੈਨੇਜਰ ਮੰਗਲੀ

ਮਾਛੀਵਾੜਾ ਸਾਹਿਬ, 13 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਵਿਸਾਖੀ ਦੇ ਪਵਿੱਤਰ ਦਿਹਾੜ ? ਸਬੰਧੀ ਸੰਗਤਾਂ ਦੀ ਆਮਦ ਨੂੰ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਸ ਸਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਗੁਰਦੁਆਰਾ ਸਾਹਿਬ ਦੇ ਮੈਨੇਜਰ ਜਸਵੀਰ ਸਿੰਘ ਮੰਗਲੀ ਨੇ ਦੱਸਿਆ ਕਿ ਵਿਸਾਖੀ ਸਬੰਧੀ 11 ਅਪ੍ਰੈਲ ਤੋਂ ਗੁਰਦੁਆਰਾ ਸਾਹਿਬ ਵਿਖੇ ਸ਼ੁਰੂ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ ਦੇ ਵਿਸਾਖੀ ਵਾਲੇ ਦਿਨ ਅੱਜ ਸਵੇਰੇ 9 ਵਜੇ ਭੋਗ ਪਾਏ ਗਏ ਉਪਰੰਤ ਰਾਗੀ, ਢਾਡੀ ਤੇ ਕਵੀਸ਼ਰੀ ਜੱਥਿਆਂ ਵਲੋਂ ਸਾਰਾ ਦਿਨ ਦਰਬਾਰ ਸਾਹਿਬ ਦੇ ਹਾਲ ਵਿਚ ਸੰਗਤਾਂ ਨੂੰ ਸਿੱਖ ਇਤਿਹਾਸ ਨਾਲ ਸਬੰਧਿਤ ਪ੍ਰਸੰਗ ਸੁਣਇਆ ਗਿਆ।

# ਖਾਲਸਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਮਾਛੀਵਾੜਾ ਸਾਹਿਬ ਵਿਖੇ ਖਾਲਸਾ ਸਾਜਨਾ ਦਿਵਸ ਮਨਾਇਆ



ਮਾਛੀਵਾੜਾ ਸਾਹਿਬ, 13 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਮਾਛੀਵਾੜਾ ਸਾਹਿਬ ਦੇ ਨਾਲ ਲੱਗਦੇ ਪਿੰਡ ਬੁਰਜ ਕੱਚਾ ਵਿਖੇ ਸਥਿਤ ਖਾਲਸਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿੱਚ ਖਾਲਸਾ ਸਾਜਨਾ ਦਿਵਸ ਬਹੁਤ ਧੂਮ-ਧਾਮ ਨਾਲ ਮਨਾਇਆ ਗਿਆ।

ਇਸ ਸਮਾਗਮ ਸਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਮੁਖੀ ਬਲਜਿੰਦਰ ਸਿੰਘ ਤੂਰ ਨੇ ਦੱਸਿਆ ਕਿ ਖਾਲਸਾ ਪਬਲਿਕ ਸਕੂਲ ਦੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਸੈਸ਼ਨ 2024-25 ਦੀ ਸ਼ੁਰੂਆਤ ਮੌਕੇ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਕਰਕੇ ਇੱਕ ਧਾਰਮਿਕ ਪ੍ਰੋਗਰਾਮ ਆਯੋਜਿਤ ਕੀਤਾ ਗਿਆ, ਜਿਸ ਤਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕੀਤੇ ਗਏ ।

ਉਪਰੰਤ ਸਕੂਲ ਦੇ ਵਿਦਿਆਰਥੀਆਂ ਵੱਲੋਂ ਧਾਰਮਿਕ ਕਵਿਤਾਵਾਂ ਅਤੇ ਸ਼ਬਦ ਕੀਰਤਨ ਨਾਲ ਆਈਆਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਸੈਸ਼ਨ 2023-24 ਦੇ ਦੌਰਾਨ ਪੜਾਈ ਅਤੇ ਹੋਰ ਗਤੀਵਿਧੀਆਂ ਵਿੱਚ ਅੱਵਲ ਰਹਿਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਵਿਸ਼ੇਸ਼ ਮਹਿਮਾਨ ਦੇ ਰੂਪ ਵਿੱਚ ਪਹੁੰਚੇ ਰਿਟਾਇਰਡ ਏ .ਆਈ. ਜੀ. ਡਾ. ਰਜਿੰਦਰ ਸਿੰਘ ਸੋਹਲ ਨੇ ਬੋਲਦਿਆਂ ਕਿਹਾ ਕਿ ਬੱਚਿਆਂ ਦਾ ਸਰਬਪੱਖੀ ਪੱਖੀ ਵਿਕਾਸ ਕਰਨਾ ਹੀ ਇੱਕ ਸਕੂਲ ਦੀ ਜਿੰਮੇਵਾਰੀ ਹੁੰਦੀ ਹੈ, ਜਿਸ ਨੂੰ ਖਾਲਸਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬਾਖੂਬੀ ਨਿਭਾਅ ਰਿਹਾ ਹੈ ਅਤੇ ਦੁਨਿਆਵੀ ਸਿੱਖਿਆ ਦੇ ਨਾਲ-ਨਾਲ ਧਾਰਮਿਕ ਸਿੱਖਿਆ ਵੀ ਪ੍ਰਦਾਨ ਕਰ ਰਿਹਾ ਹੈ।

ਸਕੂਲ ਪ੍ਰਿੰਸੀਪਲ ਮੈਡਮ ਹਰਿੰਦਰਪਾਲ ਕੌਰ ਤੂਰ ਵੱਲੋਂ ਆਏ ਹੋਏ ਮਹਿਮਾਨਾਂ ਅਤੇ ਮਾਪਿਆਂ ਨੂੰ ਖਾਲਸਾ ਸਾਜਨਾ ਦਿਵਸ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਉਹ ਇਲਾਕਾ ਨਿਵਾਸੀਆਂ ਦੇ ਤਹਿ ਦਿਲੋਂ ਸ਼ੁਕਰ ਗੁਜ਼ਾਰ ਹਨ ਜਿਨਾਂ ਦੇ ਸਹਿਯੋਗ ਸਦਕਾ ਖਾਲਸਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸਾਲ ਦਰ ਸਾਲ ਬੁਲੰਦੀਆਂ ਨੂੰ ਛੂਹ ਰਿਹਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਮਾਜ ਸੇਵੀ ਸ਼ਿਵ ਕੁਮਾਰ ਸ਼ਿਵਲੀ, ਜਗਦੀਸ਼ ਸਿੰਘ ਬਰਾੜ, ਜਸਵੀਰ ਸਿੰਘ, ਰਘੁਵੀਰ ਸਿੰਘ, ਵਾਈਸ ਪ੍ਰਿੰਸੀਪਲ ਰੀਨਾ ਮਲਹੋਤਰਾ, ਸਕੂਲ ਮੈਨੇਜਰ ਸੁਖਦੇਵ ਸਿੰਘ , ਗੁਰਪ੍ਰੀਤ ਕੌਰ, ਹਰਜੋਤ ਕੌਰ, ਪ੍ਰਕਾਸ਼ ਸਿੰਘ, ਗੁਰਿੰਦਰ ਸਿੰਘ, ਅਮਰਿੰਦਰ ਸਿੰਘ, ਕਿਰਨਾ ਦੇਵੀ, ਜਗਦੀਪ ਕੌਰ ਆਦਿ ਮੌਜੂਦ ਸਨ।

# ਮਾਛੀਵਾੜਾ ਸਾਹਿਬ ਅਨਾਜ ਮੰਡੀ ਵਿੱਚ ਕਣਕ ਦੀ ਆਮਦ ਸ਼ੁਰੂ

ਮਾਛੀਵਾੜਾ ਸਾਹਿਬ, 13 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਮਾਛੀਵਾੜਾ ਸਾਹਿਬ ਦੀ ਦਾਣਾ ਮੰਡੀ ਵਿੱਚ ਕਣਕ ਦੀ ਆਮਦ ਸ਼ੁਰੂ ਹੋ ਗਈ ਹੈ ਫਸਲ ਦੇ ਖਰੀਦ ਪ੍ਰਬੰਧਾਂ ਨੂੰ ਲੈ ਕੇ ਮਾਛੀਵਾੜਾ ਸੱਚਾ ਸੌਦਾ ਐਸੋਸੀਏਸ਼ਨ ਅਤੇ ਖਰੀਦ ਏਜੰਸੀਆਂ ਵਿਚਾਲੇ ਮੀਟਿੰਗ ਹੋਈ।ਜਿਸ ਵਿੱਚ ਵੱਖ-ਵੱਖ ਮੁੱਦਿਆਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ।

ਪ੍ਰਧਾਨ ਮੋਹਿਤ ਕੁੰਦਰਾ ਨੇ ਦੱਸਿਆ ਕਿ ਬੇਸ਼ੱਕ ਮਾਛੀਵਾੜਾ ਦਾਣਾ ਮੰਡੀ ਵਿੱਚ ਕਣਕ ਦੀ ਆਮਦ ਸ਼ੁਰੂ ਹੋ ਗਈ ਹੈ, ਪਰ ਨਵੀਂ ਦੀ ਮਾਤਰਾ ਜ਼ਿਆਦਾ ਹੋਣ ਕਾਰਨ ਇਹ ਸਹਿਮਤੀ ਪ੍ਰਗਟਾਈ ਗਈ ਕਿ 15 ਅਪ੍ਰੈਲ ਤੋਂ ਐੱਸ.ਡੀ.ਐੱਮ ਸਮਰਾਲਾ ਰਜਨੀਸ਼ ਅਰੋੜਾ ਸਰਕਾਰੀ ਖਰੀਦ ਸ਼ੁਰੂ ਕਰਵਾਉਣਗੇ।

ਇਸ ਮੌਕੇ ਮਾਰਕੀਟ ਕਮੇਟੀ ਸਕੱਤਰ ਮਨਜਿੰਦਰ ਸਿੰਘ ਨੇ ਦੱਸਿਆ ਕਿ ਸਫਾਈ ਲਾਈਟਾਂ ਅਤੇ ਕਿਸਾਨਾਂ ਲਈ ਸ਼ੁੱਧ ਪੀਣ ਵਾਲੇ ਪਾਣੀ ਦੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ।

## ਸਰਹੱਦੀ ਖੇਤਰ ਦੇ ਪਿੰਡ ਚੌਂਤਰਾ ਦੇ ਖੇਤਾਂ 'ਚੋਂ ਹੈਰੋਇਨ ਬਰਾਮਦ

ਦੌਰਾਂਗਲਾ/ਦੀਨਾਨਗਰ 13 ਅਪ੍ਰੈਲ। ਪਾਕਿਸਤਾਨ ਆਪਣੀਆਂ ਨਾਪਾਕ ਹਰਕਤਾਂ ਤੋਂ ਬਾਜ ਨਹੀਂ ਆ ਰਿਹਾ। ਲਗਾਤਾਰ ਸਰਹੱਦੀ ਖੇਤਰ ਅੰਦਰ ਪਾਕਿਸਤਾਨ ਵੱਲੋਂ ਡਰੋਨ ਦੇ ਰਾਹੀ ਨਸਾ ਸਮੱਗਲਰਾਂ ਲਈ ਹੈਰੋਇਨ ਸੁੱਟਣ ਦਾ ਸਿਲਸਿਲਾ ਜਾਰੀ ਹੈ ਜਿਸ ਦੇ ਤਹਿਤ ਬੀਤੇ ਦਿਨੀਂ ਬੀ. ਓ. ਪੀ. ਚੌੜਾ ਦੀ ਭਾਰਤੀ ਸਰਹੱਦ 'ਚ ਪਾਕਿਸਤਾਨੀ ਡਰੋਨ ਦੀ ਆਵਾਜ ਸੁਣੀ ਗਈ ਸੀ ਪਰ ਸੀਮਾ ਸੁਰੱਖਿਆ ਬਲ ਦੇ ਜਵਾਨਾਂ ਨੇ ਪੂਰੀ ਤਨਦੇਹੀ ਨਾਲ ਡਿਊਟੀ 'ਤੇ ਤਾਇਨਾਤ ਹੋਣ ਕਾਰਨ ਇਹ ਡਰੋਨ ਮੁੜ ਵਾਪਸ ਪਾਕਿਸਤਾਨ ਵਾਲੀ ਸਾਈਡ ਨੂੰ ਭੱਜਣਾ ਪਿਆ। ਇਸ ਤੋਂ ਬਾਅਦ ਡੀਐੱਸਪੀ ਦੀਨਾਨਗਰ ਸੁਖਵਿੰਦਰ ਪਾਲ ਸਿੰਘ ਦੀ ਅਗਵਾਈ ਹੇਠਾਂ ਪੰਜਾਬ ਪੁਲਸ ਫੋਰਸ ਅਤੇ ਬੀਐੱਸਐੱਫ ਦੇ ਜਵਾਨਾਂ ਵੱਲੋਂ ਸਾਂਝੇ ਤੌਰ 'ਤੇ ਇਲਾਕੇ ਅੰਦਰ ਸਰਚ ਅਭਿਆਨ ਚਲਾਇਆ ਗਿਆ ਸੀ ਜਿਸ ਤਹਿਤ ਪਿੰਡ ਚੌਂਤਰਾ ਵਿਖੇ ਇਕ ਕਿਸਾਨ ਦੇ ਖੇਤਾਂ ਵਿੱਚੋਂ ਇੱਕ ਪੈਕੇਟ ਹੈਰੋਇਨ ਦਾ ਬਰਾਮਦ ਹੋਇਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੀਐੱਸਪੀ ਦੀਨਾਨਗਰ ਸੁਖਵਿੰਦਰ ਪਾਲ ਸਿੰਘ ਨੇ ਦੱਸਿਆ ਕਿ ਇਹ ਪੈਕੇਟ ਪੀਲੇ ਰੰਗ ਦੀ ਟੇਪ ਵਿਚ ਲਪੇਟਿਆ ਹੋਇਆ ਸੀ ਜਦ ਇਸ ਨੂੰ ਖੋਲ੍ਹ ਕੇ ਵੇਖਿਆ ਗਿਆ ਤਾਂ ਇਸ ਵਿੱਚੋਂ 530 ਗ੍ਰਾਮ ਹੈਰੋਇਨ ਬਰਾਮਦ ਹੋਈ ਹੈ। ਪੁਲਸ ਵੱਲੋਂ ਇਸ ਨੂੰ ਆਪਣੇ ਕਬਜੇ ਵਿਚ ਲੈ ਕੇ ਨਾਮਲੂਮ ਵਿਅਕਤੀ ਖ਼ਿਲਾਫ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸੁਰੂ ਕਰ ਦਿੱਤੀ ਗਈ।

## ਪੁਲਸ ਨੇ 24 ਘੰਟਿਆਂ 'ਚ ਸੁਲਝਾਇਆ ਬੈਂਕ ਲੁੱਟ ਦਾ ਮਾਮਲਾ, ਹਥਿਆਰਾਂ ਤੇ ਨਕਦੀ ਸਣੇ 3 ਮੁਲਜਮ ਕੀਤੇ ਕਾਬੂ

ਅੰਮ੍ਰਿਤਸਰ 13 ਅਪ੍ਰੈਲ। ਅੰਮ੍ਰਿਤਸਰ ਪੁਲਸ ਨੇ ਬੀਤੇ ਦਿਨੀਂ ਆਈ.ਸੀ.ਆਈ.ਸੀ.ਆਈ. ਬੈਂਕ ਦੀ ਲੁੱਟ ਦੇ ਮਾਮਲੇ ਵਿੱਚ 3 ਨੌਜਵਾਨਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਕੋਲੋਂ 2 ਪਿਸਤੌਲ ਅਤੇ 7 ਲੱਖ 70 ਹਜਾਰ ਰੁਪਏ ਦੀ ਨਕਦੀ ਬਰਾਮਦ ਕੀਤੀ ਹੈ। ਦੋਸੀਆਂ ਨੇ ਇਸ ਲੁੱਟ ਦੀ ਵਾਰਦਾਤ ਨੂੰ ਅੰਜਾਮ ਪਿਸਤੌਲ ਦੀ ਨੋਕ 'ਤੇ ਦਿੱਤਾ ਸੀ। ਪੁਲਸ ਕਮਿਸਨਰ ਗੁਰਪ੍ਰੀਤ ਸਿੰਘ ਭੁੱਲਰ ਅਨੁਸਾਰ ਵਾਰਦਾਤ ਤੋਂ ਪਹਿਲਾਂ ਮੁਲਜਮਾਂ ਨੇ ਰੇਕੀ ਕੀਤੀ ਸੀ ਅਤੇ ਇਸ ਲੁੱਟ ਦੀ ਵਾਰਦਾਤ ਨੂੰ ਦਿਨ-ਦਿਹਾੜੇ ਅੰਜਾਮ ਦਿੱਤਾ ਗਿਆ ਸੀ। ਪੁਲਸ ਕਮਿਸਨਰ ਪੁਲਸ ਦਾ ਕਹਿਣਾ ਹੈ ਕਿ ਇਹ ਲੁੱਟ ਦੀ ਵਾਰਦਾਤ ਬੀਤੀ ਸਾਮ 6 ਵਜੇ ਦੀ ਹੈ। ਸੂਚਨਾ ਮਿਲਣ 'ਤੇ ਜਦੋਂ ਜਾਂਚ ਕੀਤੀ ਗਈ ਤਾਂ ਇਹ ਪਤਾ ਲੱਗਾ ਕਿ ਬੈਂਕ 'ਚ ਲੁੱਟਮਾਰ ਕਰਨ ਤੋਂ ਬਾਅਦ ਮੁਲਜਮ ਪੈਦਲ ਹੀ ਫਰਾਰ ਹੋ ਗਏ ਸਨ। ਜਾਂਚ ਦੌਰਾਨ ਮੁਲਜਮਾਂ ਨੂੰ 24 ਘੰਟਿਆਂ ਦੇ ਅੰਦਰ ਹੀ ਕਾਬੂ ਕਰ ਲਿਆ ਗਿਆ। ਮੁਲਜਮਾਂ ਦੀ ਉਮਰ 25 ਤੋਂ 32 ਸਾਲ ਦੇ ਵਿਚਕਾਰ ਹੈ। ਦੋਸੀਆਂ ਦੀ ਪਛਾਣ ਇੰਦਰਜੀਤ ਸਿੰਘ ਪ੍ਰਿੰਸ ਅਤੇ ਸੂਰਜ ਦੇ ਰੂਪ ਵਜੋਂ ਹੋਈ ਹੈ। ਪੁਲਸ ਕਮਿਸ਼ਨਰ ਨੇ ਦੱਸਿਆ ਕਿ ਮੁਲਜਮਾਂ ਨੇ ਲੁੱਟ ਤੋਂ ਬਾਅਦ ਕਾਰ ਅਤੇ ਮੋਟਰਸਾਈਕਲ ਵਰਗੀਆਂ ਜਰੂਰੀ ਵਸਤਾਂ ਖਰੀਦਣ ਦੀ ਵੀ ਯੋਜਨਾ ਬਣਾਈ ਸੀ। ਮੁਲਜਮਾਂ ਨੇ ਕੁਝ ਖਰੀਦਦਾਰੀ ਕੀਤੀ ਜਿਸ 'ਚ ਕੁੱਲ 12 ਲੱਖ 78000 ਰੁਪਏ ਦੀ ਲੁੱਟ ਹੋਈ ਅਤੇ ਪੁਲਸ ਨੇ ਇਨ੍ਹਾਂ ਕੋਲੋਂ 7,70,000 ਰੁਪਏ ਬਰਾਮਦ ਕੀਤੇ ਹਨ। ਪੁਲਿਸ ਕਮਿਸਨਰ ਨੇ ਦੱਸਿਆ ਮੁਲਜਮਾਂ ਖ਼ਿਲਾਫ ਪਹਿਲਾਂ ਵੀ ਕਈ ਕੇਸ ਦਰਜ ਹਨ।

# ਨਿਗਮ ਨੇ ਸ਼ੁਰੂ ਕੀਤੀ 'ਕਲੀਨ ਸਿਟੀ' ਮੁਹਿੰਮ : ਜੰਗੀ ਪੱਧਰ 'ਤੇ ਚੱਲਿਆ ਕੰਮ, ਕੂੜੇ ਦੀ ਲਿਫਟਿੰਗ 'ਚ ਆਈ ਤੇਜੀ

**ਕਿਸ਼ਨ ਪਾਲ**

ਜਲੰਧਰ 13 ਅਪ੍ਰੈਲ। ਨਿਗਮ ਕਮਿਸ਼ਨਰ ਗੌਤਮ ਜੈਨ ਵੱਲੋਂ ਮਹਾਨਗਰ ਵਿਚ ਸਫਾਈ ਮੁਹਿੰਮ ਨੂੰ ਦਰੁੱਸਤ ਕਰਨ ਦੇ ਸਖਤ ਹੁਕਮ ਦਿੱਤੇ ਗਏ ਹਨ। ਇਸੇ ਤਹਿਤ ਜੋਨਲ ਕਮਿਸ਼ਨਰਾਂ ਵੱਲੋਂ 'ਕਲੀਨ ਸਿਟੀ'ਮੁਹਿੰਮ ਅਧੀਨ ਛੋਟੇ-ਛੋਟੇ ਡੰਪਾਂ ਤੋਂ ਕੂੜੇ ਦੀ ਲਿਫਟਿੰਗ ਕਰਵਾਈ ਗਈ। ਇਸ ਕਾਰਨ ਸ਼ਹਿਰ ਦੇ ਹਾਲਾਤ ਬਦਲੇ ਹੋਏ ਨਜਰ ਆਏ। ਹੜਤਾਲ ਤੋਂ ਬਾਅਦ ਜੰਗੀ ਪੱਧਰ 'ਤੇ ਚਲਾਈ ਗਈ ਇਸ ਮੁਹਿੰਮ ਤਹਿਤ ਗਲੀ-ਮੁਹੱਲਿਆਂ ਤੋਂ ਲੈ ਕੇ ਮੁੱਖ ਸੜਕਾਂ ਨੂੰ ਸਾਫ ਰੱਖਣ ਦੀਆਂ ਖਾਸ ਹਦਾਇਤਾਂ ਦਿੱਤੀਆਂ ਗਈਆਂ ਹਨ। ਇਸੇ ਕੜੀ ਤਹਿਤ ਅੱਜ ਸਵੇਰੇ ਕੂੜਾ ਚੁੱਕਣ ਦੇ ਕੰਮ 'ਤੇ ਪੂਰੀ ਨਿਗਰਾਨੀ ਰੱਖੀ ਗਈ ਅਤੇ ਅਧਿਕਾਰੀਆਂ ਦੀ ਹਾਜਰੀ ਵਿਚ ਸਫਾਈ ਕਾਰਜਾਂ ਸਬੰਧੀ ਮੁਹਿੰਮ ਚਲਾਈ ਗਈ। ਛੁੱਟੀ ਹੋਣ ਦੇ ਬਾਵਜੂਦ ਨਿਗਮ ਕਮਿਸ਼ਨਰ ਦੇ ਹੁਕਮਾਂ 'ਤੇ ਜੋਨਲ ਕਮਿਸ਼ਨਰ ਸਵੇਰੇ 8 ਵਜੇ ਫੀਲਡ ਵਿਚ ਉਤਰ ਆਏ। ਕੂੜੇ ਦੇ ਡੰਪਾਂ ਨੂੰ ਸਾਫ ਕਰਨ ਦੀ ਸ਼ੁਰੂ ਹੋਈ ਮੁਹਿੰਮ ਤਹਿਤ ਨਿਰਦੇਸ਼ ਦਿੱਤੇ ਗਏ ਕਿ ਛੋਟੇ-ਛੋਟੇ ਡੰਪਾਂ ਦੀ ਪੂਰੀ ਸਫਾਈ ਹੋਣੀ ਚਾਹੀਦੀ ਹੈ। ਲਿਫਟਿੰਗ ਦੇ ਕੰਮ ਵਿਚ ਦੇਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਸੜਕਾਂ 'ਤੇ ਚੱਲ ਰਹੇ ਸਫਾਈ ਕਾਰਜਾਂ ਦਾ ਮੁਆਇਨਾ ਕਰਵਾਇਆ ਗਿਆ। ਇਸ ਮੌਕੇ ਨਾਰਥ ਤੋਂ ਜੋਨਲ ਕਮਿਸ਼ਨਰ ਵਿਕਰਾਂਤ ਵਰਮਾ ਨੇ ਕੂੜੇ ਦੇ ਡੰਪਾਂ ਦਾ ਮੁਆਇਨਾ ਕਰਨ ਦੇ ਨਾਲ-ਨਾਲ ਗਲੀ-ਮੁਹੱਲਿਆਂ ਵਿਚੋਂ ਕੂੜਾ ਚੁੱਕਣ ਦਾ ਕੰਮਕਾਜ ਵੇਖਿਆ। ਦੂਜੇ ਪਾਸੇ ਸੈਂਟਰਲ ਵਿਧਾਨ ਸਭਾ ਹਲਕੇ ਦੇ ਅਜੈ ਸ਼ਰਮਾ ਅਤੇ ਵੈਸਟ ਤੋਂ ਨਵਸੰਦੀਪ ਕੌਰ ਨੇ ਅਧਿਕਾਰੀਆਂ ਨੂੰ ਹਦਾਇਤਾਂ ਦਿੰਦਿਆਂ ਕੰਮਕਾਜ ਵਿਚ ਤੇਜੀ ਲਿਆਉਣ ਦੇ ਹੁਕਮ ਦਿੱਤੇ। ਕਮਿਸ਼ਨਰ ਦੀਆਂ ਹਦਾਇਤਾਂ 'ਤੇ ਕੂੜੇ ਦੇ ਡੰਪਾਂ ਤੋਂ ਲਿਫਟਿੰਗ ਦਾ ਕੰਮ ਕਰਵਾਇਆ ਗਿਆ। ਵਿਕਰਾਂਤ ਨੇ



ਦੱਸਿਆ ਕਿ ਵਿਕਾਸਪੁਰੀ, ਟਰਾਂਸਪੋਰਟ ਨਗਰ, ਪ੍ਰਤਾਪ ਬਾਗ ਅਤੇ ਬਰਲਟਨ ਪਾਰਕ ਵਿਚ ਸਫਾਈ ਕਾਰਜ ਦੁਪਹਿਰ ਤਕ ਪੂਰਾ ਕਰਵਾ ਲਿਆ ਗਿਆ ਸੀ। ਨਿਗਮ ਕਮਿਸ਼ਨਰ ਗੌਤਮ ਜੈਨ ਨੇ ਪਿਛਲੇ ਦਿਨੀਂ ਵੱਖ-ਵੱਖ ਡੰਪਾਂ ਅਤੇ ਹੋਰਨਾਂ ਥਾਵਾਂ ਦਾ ਮੌਕਾ-ਮੁਆਇਨਾ ਕੀਤਾ ਸੀ ਅਤੇ ਹਦਾਇਤਾਂ ਜਾਰੀ ਕੀਤੀਆਂ ਸਨ। ਹਰ ਜਗ੍ਹਾ ਜਾਣਾ ਸੰਭਵ ਨਹੀਂ ਹੋ ਸਕਦਾ, ਇਸ ਲਈ ਉਨ੍ਹਾਂ ਜੋਨ ਪੱਧਰ 'ਤੇ ਚੱਲ ਰਹੇ ਸਫਾਈ ਕਾਰਜਾਂ ਦੀ ਨਿਗਰਾਨੀ ਵ੍ਹਟਸਐਪ ਜਰੀਏ ਰੱਖੀ। ਕੂੜੇ ਦੇ ਡੰਪ 'ਤੇ ਮੌਜੂਦ ਅਧਿਕਾਰੀਆਂ ਤੋਂ ਲਿਫਟਿੰਗ ਦੇ ਕੰਮ ਦੀ ਵੀਡੀਓ ਆਦਿ ਮੰਗਵਾਈ ਗਈ। ਉਥੇ ਹੀ, ਸਫਾਈ ਕਾਰਜ ਪੂਰੇ ਹੋਣ ਦੇ ਬਾਅਦ ਦੀਆਂ ਫੋਟੋਆਂ ਵੀ ਮੰਗਵਾਈਆਂ ਗਈਆਂ। ਵੱਖ-ਵੱਖ ਇਲਾਕਿਆਂ ਵਿਚ ਅਧਿਕਾਰੀਆਂ ਦੀਆਂ ਗੱਡੀਆਂ ਘੁੰਮਦੀਆਂ ਰਹੀਆਂ ਅਤੇ ਸਫਾਈ ਕਾਰਜਾਂ ਦਾ ਜਾਇਜਾ ਲੈਂਦੀਆਂ ਰਹੀਆਂ। ਸੀਨੀਅਰ ਅਧਿਕਾਰੀਆਂ ਦੀਆਂ ਹਦਾਇਤਾਂ ਹਨ ਕਿ ਕਿਸੇ ਵੀ ਇਲਾਕੇ ਵਿਚ ਸਾਫ-ਸਫਾਈ ਵਿਚ ਢਿੱਲੀ ਕਾਰਗੁਜਾਰੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਤਹਿਤ ਰੋਜਾਨਾ ਸਫਾਈ ਵਿਵਸਥਾ ਦੀ ਨਿਗਰਾਨੀ ਰੱਖਣ ਦੇ ਹੁਕਮ ਦਿੱਤੇ ਗਏ ਹਨ। ਹਰੇਕ ਅਧਿਕਾਰੀ ਨੂੰ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਉਹ ਸਵੇਰੇ ਕੁਝ ਘੰਟੇ ਫੀਲਡ ਵਿਚ ਰਹਿਣ ਅਤੇ ਸਫਾਈ ਕਾਰਜਾਂ ਦਾ ਜਾਇਜਾ ਲੈਣ। ਅਧਿਕਾਰੀ ਰੋਜਾਨਾ ਕੰਮਾਂ ਦੀ ਰਿਪੋਰਟ ਤਿਆਰ ਕਰਨਗੇ ਅਤੇ ਸ਼ਾਮ ਨੂੰ ਉਸ 'ਤੇ ਵਿਚਾਰ-ਚਰਚਾ ਕੀਤੀ ਜਾਵੇਗੀ। ਅਧਿਕਾਰੀਆਂ ਦਾ ਕਹਿਣਾ ਹੈ ਕਿ ਸਫਾਈ ਵਿਵਸਥਾ ਦਾ ਕੰਮ ਦਿਨੋ-ਦਿਨ ਬਿਹਤਰ ਹੋਵੇਗਾ ਅਤੇ ਲੋਕਾਂ ਨੂੰ ਸਫਾਈ ਸਬੰਧੀ ਕੋਈ ਸ਼ਿਕਾਇਤ ਨਹੀਂ ਰਹੇਗੀ।

## ਨਾਕਾ ਦੇਖ ਘਰਵਾਲੀ ਨੂੰ ਛੱਡ ਕੇ ਭੱਜ ਗਿਆ ਡਰਾਈਵਰ, ਪੁਲਸ ਨੇ ਔਰਤ ਨੂੰ ਕੀਤਾ ਗ੍ਰਿਫਤਾਰ

ਖਰੜ 13 ਅਪ੍ਰੈਲ। ਨਾਕੇਬੰਦੀ ਦੌਰਾਨ ਸੰਨੀ ਇਨਕਲੇਵ ਪੁਲਸ ਨੇ ਟਰੱਕ 'ਚ ਸਵਾਰ ਔਰਤ ਨੂੰ 15 ਕਿੱਲੋ ਭੁੱਕੀ ਸਣੇ ਗ੍ਰਿਫਤਾਰ ਕੀਤਾ ਹੈ ਜਦਕਿ ਟਰੱਕ ਚਾਲਕ ਉਸ ਦਾ ਘਰਵਾਲਾ ਮੌਕੇ ਤੋਂ ਫਰਾਰ ਹੋ ਗਿਆ। ਪੁਲਸ ਨੇ ਕਾਬੂ ਔਰਤ ਸਣੇ ਉਸ ਦੇ ਫਰਾਰ ਘਰਵਾਲੇ ਖ਼ਿਲਾਫ ਐੱਨ.ਡੀ.ਪੀ.ਐੱਸ. ਤਹਿਤ ਮਾਮਲਾ ਦਰਜ ਕਰ ਕੇ ਅੱਗੇ ਦੀ ਕਾਰਵਾਈ ਸੁਰੂ ਕਰ ਦਿੱਤੀ ਹੈ। ਚੌਂਕੀ ਇੰਚਾਰਜ ਐੱਸ. ਆਈ. ਚਰਨ ਸਿੰਘ ਨੇ ਦੱਸਿਆ ਕਿ ਪੁਲਸ ਪਾਰਟੀ ਖਰੜ-ਚੰਡੀਗੜ੍ਹ ਹਾਈਵੇ ਮੁੰਡੀ ਖਰੜ ਗਊਸਾਲਾ ਨੇੜੇ ਨਾਕਾਬੰਦੀ ਕਰ ਕੇ ਆਉਣ ਜਾਣ ਵਾਲੇ ਵਾਹਨਾਂ ਦੀ ਚੈਕਿੰਗ ਕਰ ਰਹੀ ਸੀ ਕਿ ਇਸੇ ਦੌਰਾਨ ਟਰੱਕ ਨੰਬਰ ਪੀ.ਬੀ. 11 ਸੀ. ਵਾਈ. 1389 ਆਉਂਦਾ ਦਿਖਾਈ ਦਿੱਤਾ। ਪੁਲਸ ਨੇ ਟਰੱਕ ਨੂੰ ਰੋਕਣ ਦਾ ਇਸਾਰਾ ਕੀਤਾ ਤਾਂ ਟਰੱਕ ਡਰਾਈਵਰ ਕੁਝ ਦੂਰੀ 'ਤੇ ਪਹਿਲਾਂ ਹੀ ਰੁਕ ਗਿਆ ਅਤੇ ਉਸ ਨੇ ਟਰੱਕ ਨੂੰ ਵਾਪਸ ਮੋੜਨ ਦੀ ਕੋਸ਼ਿਸ ਕੀਤੀ। ਪੁਲਸ ਪਾਰਟੀ ਨੇ ਜਦੋਂ ਉਸ ਵੱਲ ਜਾਣ ਦੀ ਕੋਸ਼ਿਸ ਕੀਤੀ ਤਾਂ ਉਕਤ ਟਰੱਕ ਚਾਲਕ ਟਰੱਕ 'ਚੋਂ ਉੱਤਰ ਕੇ ਟ੍ਰੈਫਿਕ ਦਾ ਫਾਇਦਾ ਚੁੱਕ ਕੇ ਉੱਥੇ ਹਾਈਵੇ ਤੋਂ ਫਰਾਰ ਹੋ ਗਿਆ। ਪੁਲਸ ਨੇ ਟਰੱਕ ਕੋਲ ਪੁੱਜ ਕੇ ਉਸ ਦੀ ਜਾਂਚ ਕਰਨ ਦੀ ਕੋਸ਼ਿਸ ਕੀਤੀ ਤਾਂ ਕੰਡਕਟਰ ਸਾਈਡ 'ਤੇ ਬੈਠੀ ਇਕ ਔਰਤ ਨੇ ਵੀ ਥੱਲੇ ਉੱਤਰ ਕੇ ਖਿਸਕਣ ਦੀ ਕੋਸ਼ਿਸ ਕੀਤੀ ਸੀ। ਪੁਲਸ ਨੇ ਉਸ ਕੋਲੋਂ ਉਸ ਦੀ ਪਛਾਣ ਜਾਣਨੀ ਚਾਹੀ ਤਾਂ ਉਸ ਨੇ ਆਪਣਾ ਨਾਂ ਅਮਨਦੀਪ ਕੌਰ ਦੱਸਿਆ ਤੇ ਆਪਣੇ ਪਤੀ ਟਰੱਕ ਚਾਲਕ ਦਾ ਨਾਂ ਗੁਰਪ੍ਰੀਤ ਸਿੰਘ ਦੱਸਿਆ।

## ਸਿੱਧੂ ਮੂਸੇਵਾਲਾ ਦਾ ਅਧੂਰਾ ਸੁਫਨਾ ਪੂਰਾ ਕਰਨਗੇ ਬਾਪੂ ਬਲਕੌਰ ਸਿੰਘ

ਮਾਨਸਾ 13 ਅਪ੍ਰੈਲ। ਮਰਹੂਮ ਪੰਜਾਬੀ ਗਾਇਕ ਸ਼ੁੱਭਦੀਪ ਸਿੰਘ ਸਿੱਧੂ ਉਰਫ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਪੁੱਤ ਦਾ ਅਧੂਰਾ ਸੁਫਨਾ ਪੂਰਾ ਕਰਨ ਦਾ ਫੈਸਲਾ ਲਿਆ ਹੈ। ਉਨ੍ਹਾਂ ਪੰਚਾਇਤ ਨਾਲ ਰੱਲ ਕੇ ਇਸ ਦਿਸ਼ਾ ਵਿਚ ਕਦਮ ਵੀ ਅੱਗੇ ਵਧਾ ਦਿੱਤੇ ਹਨ। ਦਰਅਸਲ, ਸਿੱਧੂ ਮੂਸੇਵਾਲਾ ਦਾ ਸੁਫਨਾ ਸੀ ਕਿ ਮੂਸਾ ਪਿੰਡ ਵਿਚ ਸਟੇਡੀਅਮ ਬਣਾ ਕੇ ਕਬੱਡੀ ਦਾ ਵਿਸ਼ਵਪੱਧਰੀ ਟੂਰਨਾਮੈਂਟ ਕਰਵਾਇਆ ਜਾਵੇ। ਬੀਤੇ ਦਿਨੀਂ ਉਸੇ ਸਟੇਡੀਅਮ ਵਿਚ ਪਹਿਲਾ ਕਬੱਡੀ ਮੈਚ ਕਰਵਾਇਆ ਗਿਆ ਹੈ ਤੇ ਬਲਕੌਰ ਸਿੰਘ ਨੇ ਸਟੇਡੀਅਮ ਦਾ ਰਹਿੰਦਾ ਕੰਮ ਵੀ ਜਲਦੀ ਸ਼ੁਰੂ ਕਰਵਾਉਣ ਦਾ ਫੈਸਲਾ ਲਿਆ ਹੈ। ਇਸ ਮੌਕੇ ਬਲਕੌਰ ਸਿੰਘ ਨੇ ਗੱਲਬਾਤ ਕਰਦਿਆਂ ਕਿਹਾ ਕਿ ਇਹ ਸ਼ੁੱਭਦੀਪ ਦਾ ਹੀ ਸੁਪਨਾ ਸੀ। ਉਸ ਦੀ ਇਸ ਸਟੇਡੀਅਮ ਵਿਚ ਦੇਸ਼ਾਂ-ਵਿਦੇਸ਼ਾਂ ਦੀਆਂ ਟੀਮਾਂ ਲਿਆ ਕੇ ਵਿਸ਼ਵਪੱਧਰੀ ਟੂਰਨਾਮੈਂਟ ਕਰਵਾਉਣ ਦੀ ਸਕੀਮ ਸੀ। ਇਸ ਲਈ ਸਟੇਡੀਅਮ ਦੀ ਸ਼ੁਰੂਆਤ ਕੀਤੀ ਗਈ ਸੀ ਪਰ ਕੋਰੋਨਾ ਕਾਰਨ ਕੰਮ ਰੁਕ ਗਿਆ ਸੀ। ਹੁਣ ਅਸੀਂ ਉਸ ਦਿਸ਼ਾ ਵੱਲ ਫ਼ਿਰ ਕਦਮ ਵਧਾਇਆ ਹੈ ਤੇ ਇਸ ਸਟੇਡੀਅਮ ਵਿਚ ਪਹਿਲਾ ਮੈਚ ਕਰਵਾਇਆ ਹੈ। ਉਨ੍ਹਾਂ ਕਿਹਾ ਕਿ ਸਟੇਡੀਅਮ ਦੀ ਛੱਤ ਪੈਣ ਵਾਲੀ ਹੈ ਤੇ ਚੋਣ ਜਾਬਤਾ ਖਤਮ ਹੋਣ ਤੋਂ ਬਾਅਦ ਬਾਕੀ ਕੰਮ ਕਰਾਂਗੇ। ਉਨ੍ਹਾਂ ਕਿਹਾ ਕਿ ਸਾਡੀ ਮਾਂ ਖੇਡ ਕਬੱਡੀ 'ਤੇ ਕਾਫੀ ਕਾਲੇ ਬੱਦਲ ਮੰਡਰਾਅ ਰਹੇ ਹਨ, ਇਸ ਲਈ ਇਸ ਦਿਸ਼ਾ ਵਿਚ ਕੰਮ ਕਰਨ ਦੀ ਲੋੜ ਹੈ। ਉਨ੍ਹਾਂ ਇਹ ਵੀ ਕਿਹਾ ਕਿ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨਾ ਸਮੇਂ ਦੀ ਮੰਗ ਹੈ। ਸਿੱਧੂ ਮੂਸੇਵਾਲਾ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨਾ ਚਾਹੁੰਦਾ ਸੀ। ਇਸ ਲਈ ਉਹ ਪਿੰਡ ਵਿਚ ਇਕ ਚੰਗਾ ਸਟੇਡੀਅਮ ਬਣਾਉਣਾ ਚਾਹੁੰਦਾ ਸੀ। ਇਸ ਲਈ ਉਹ ਅਕਸਰ ਆਪਣੇ ਬਾਪੂ ਬਲਕੌਰ ਸਿੰਘ ਨਾਲ ਗੱਲ ਕਰਦਾ ਰਹਿੰਦਾ ਸੀ। ਇਸੇ ਲਈ ਉਸ ਨੇ ਮੂਸਾ ਪਿੰਡ ਵਿਚ ਇਸ ਸਟੇਡੀਅਮ ਨੂੰ ਬਣਵਾਉਣ ਦੀ ਸ਼ੁਰੂਆਤ ਕੀਤੀ ਸੀ। ਉਸ ਵੇਲੇ ਸਿੱਧੂ ਨੇ ਆਪ ਟ੍ਰੈਕਟਰ ਨਾਲ ਇਸ ਵਿਚ ਮਿੱਟੀ ਪਾਈ ਸੀ। ਕੋਰੋਨਾ ਕਾਲ ਕਾਰਨ ਸਟੇਡੀਅਮ ਦਾ ਕੰਮ ਰੁਕ ਗਿਆ ਤੇ ਉਸ ਮਗਰੋਂ ਸਿੱਧੂ ਦਾ ਕਤਲ ਹੋ ਗਿਆ।

# ਦਾਲਾਂ ਦੀਆਂ ਵਧ ਰਹੀਆਂ ਕੀਮਤਾਂ 'ਤੇ ਕਾਬੂ ਪਾਉਣ ਦੀ ਤਿਆਰੀ 'ਚ ਕੇਂਦਰ ਸਰਕਾਰ

**ਏਜੰਸੀਆਂ**

ਬਿਜਨੈੱਸ ਡੈਸਕ 13 ਅਪ੍ਰੈਲ। ਪਿਛਲੇ ਕੁਝ ਹਫਤਿਆਂ ਵਿੱਚ ਵੱਖ-ਵੱਖ ਦਾਲਾਂ ਦੀਆਂ ਵਧ ਰਹੀਆਂ ਕੀਮਤਾਂ ਦਰਮਿਆਨ ਕੇਂਦਰ ਸਰਕਾਰ ਨੇ ਦਖਲ ਦਿੱਤਾ ਹੈ। ਕੇਂਦਰ ਵਲੋਂ ਸਾਰੇ



ਰਾਜਾਂ ਨੂੰ ਨਿਰਦੇਸ ਦਿੱਤੇ ਗਏ ਹਨ ਕਿ ਉਹ ਹਫਤਾਵਾਰੀ ਆਧਾਰ 'ਤੇ ਵਪਾਰੀਆਂ ਦੁਆਰਾ ਵੱਖ-ਵੱਖ ਦਾਲਾਂ ਦੇ ਸਟਾਕ ਦਾ ਖੁਲਾਸਾ ਯਕੀਨੀ ਬਣਾਉਣ। ਇਸ ਤੋਂ ਇਲਾਵਾ, ਰਾਜਾਂ ਨੂੰ ਵਪਾਰੀਆਂ ਦੁਆਰਾ ਕੀਤੇ ਗਏ ਖੁਲਾਸਿਆਂ ਦੀ ਪੁਸਟੀ ਕਰਨ ਲਈ ਵੀ ਕਿਹਾ ਗਿਆ ਹੈ। ਇਕ ਅਧਿਕਾਰਤ ਬਿਆਨ ਵਿਚ ਕਿਹਾ ਗਿਆ ਹੈ ਕਿ ਕੇਂਦਰ ਸਰਕਾਰ ਨੇ ਜਿਨ੍ਹਾਂ ਦਾਲਾਂ ਦੇ ਸਟਾਕ ਨੂੰ ਲੈ ਕੇ ਖੁਲਾਸਾ ਕਰਨ ਦਾ ਪ੍ਰਬੰਧ ਕੀਤਾ ਹੈ, ਉਹਨਾਂ ਵਿਚ ਅਰਹਰ ਦੀ ਦਾਲ, ਉੜਦ ਦੀ ਦਾਲ, ਛੋਲਿਆਂ ਦੀ ਦਾਲ, ਮਸੂਰ ਦੀ ਦਾਲ ਅਤੇ ਮੂੰਗੀ ਦੀ ਦਾਲ ਸ਼ਾਮਲ ਹਨ। ਇਸ ਤੋਂ ਇਲਾਵਾ ਆਯਾਤ ਪੀਲੀ ਮਟਰ ਦਾਲ ਦੇ ਸਟਾਕ ਦੀ ਵੀ ਨਿਗਰਾਨੀ ਕਰਨ ਲਈ ਕਿਹਾ ਗਿਆ ਹੈ। ਪੀਲੀ ਮਟਰ ਦਾਲ ਦੇ ਆਯਾਤ ਦੀ ਮਨਜੂਰੀ ਪਿਛਲੇ ਸਾਲ ਦੇ ਅੰਤ ਵਿਚ ਦੇ ਦਿੱਤੀ ਗਈ ਸੀ। ਇਹ ਮਨਜੂਰੀ 8 ਦਸੰਬਰ ਤੋਂ 30 ਜੂਨ ਤੱਕ ਦੇ ਲਈ ਹੈ। ਬਿਆਨ ਦੇ ਅਨੁਸਾਰ ਖਪਤਕਾਰ ਮਾਮਲੇ ਦੇ ਵਿਭਾਗ ਦੀ ਸਕੱਤਰ ਨਿਧੀ ਖਰੇ ਨੇ ਦਾਲਾਂ ਦੀਆਂ ਕੀਮਤਾਂ 'ਤੇ ਲਗਾਮ ਲਗਾਉਣ ਦੀ ਕਵਾਇਦ ਦੇ ਤਹਿਤ ਰਾਜਾਂ ਦੇ ਪ੍ਰਮੁੱਖ ਸਕੱਤਰਾਂ ਅਤੇ ਖਪਤਕਾਰ ਮਾਮਲੇ ਵਿਭਾਗ ਦੇ ਸਕੱਤਰਾਂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਸਾਰੇ ਰਾਜ ਸਕੱਤਰਾਂ ਨੂੰ ਸਟਾਕ ਹੋਲਡਿੰਗ ਸੰਸਥਾਵਾਂ ਦੁਆਰਾ ਸਟਾਕ ਦਾ ਖੁਲਾਸਾ ਯਕੀਨੀ ਬਣਾਉਣ ਲਈ ਕਿਹਾ। ਉਹਨਾਂ ਨੇ ਦਾਲਾਂ ਦੇ ਦਰਾਮਦਕਾਰਾਂ ਸਮੇਤ ਉਦਯੋਗ ਦੇ ਨੁਮਾਇੰਦਿਆ ਨਾਲ ਮੁਲਾਕਾਤ ਕੀਤੀ। ਸਰਕਾਰ ਨੇ ਇਹ ਕਦਮ ਅਜਿਹੇ ਸਮੇਂ ਚੁੱਕਿਆ ਹੈ, ਜਦੋਂ ਪਿਛਲੇ ਕੁਝ ਹਫਤਿਆਂ 'ਚ ਵੱਖ-ਵੱਖ ਦਾਲਾਂ, ਖਾਸ ਤੌਰ 'ਤੇ ਪੀਲੇ ਮਟਰ, ਅਰਹਰ ਅਤੇ ਉੜਦ ਦੀ ਦਾਲ ਦੀਆਂ ਕੀਮਤਾਂ 'ਚ ਵਾਧਾ ਦੇਖਣ ਨੂੰ ਮਿਲਿਆ। ਅਪ੍ਰੈਲ ਦੇ ਸੁਰੂ ਵਿਚ ਅਰਹਰ ਦੀ ਦਾਲ ਦੀਆਂ ਕੀਮਤਾਂ ਇਕ ਮਹੀਨੇ ਪਹਿਲਾਂ ਦੇ ਮੁਕਾਬਲੇ 100 ਰੁਪਏ ਵਧ ਗਈਆਂ ਸਨ। ਇਸ ਸਮੇਂ ਅਰਹਰ ਦੀ ਦਾਲ ਦੀਆਂ ਕੀਮਤਾਂ ਹੋਰਨਾਂ ਦਾਲਾਂ ਦੇ ਮੁਕਾਬਲੇ ਸਭ ਤੋਂ ਵੱਧ ਹਨ। ਅਰਹਰ ਦੀ ਦਾਲ ਦੀ ਮੌਜੂਦਾ ਔਸਤ ਕੀਮਤ 160 ਰੁਪਏ ਪ੍ਰਤੀ ਕਿਲੋ ਹੈ। ਅਰਹਰ ਦੀ ਦਾਲ ਤੋਂ ਇਲਾਵਾ ਮੂੰਗੀ ਅਤੇ ਮਸੂਰ ਦਾਲ ਦੇ ਮਾਮਲੇ 'ਚ ਵੀ ਇਸੇ ਤਰ੍ਹਾਂ ਦੀਆਂ ਕੀਮਤਾਂ 'ਚ ਵਾਧਾ ਦੇਖਿਆ ਗਿਆ ਹੈ।

# ਡਾਂਸਰ ਸਿਮਰ ਸੰਧੂ ਨੇ ਫੜੇ ਗਏ ਪੁਲਸ ਮੁਲਾਜਮ ਨੂੰ ਲੈ ਕੇ ਕੀਤਾ ਵੱਡਾ ਖੁਲਾਸਾ, ਕਿਹਾ 'ਗਲਾਸ ਸੁੱਟਣ ਵਾਲਾ...'

**ਏਜੰਸੀਆਂ**

ਸਮਰਾਲਾ 13 ਅਪ੍ਰੈਲ। ਬੀਤੀ 31 ਮਾਰਚ ਨੂੰ ਸਮਰਾਲਾ ਦੇ ਮੈਰਿਜ ਪੈਲੇਸ 'ਚ ਵਿਆਹ ਸਮਾਗਮ ਦੌਰਾਨ ਡਾਂਸਰ ਸਿਮਰ ਸੰਧੂ ਤੇ ਬਰਾਤੀਆਂ 'ਚ ਸ਼ਾਮਲ ਕੁਝ ਲੜਕਿਆਂ ਵਿਚਕਾਰ ਹੋਏ ਵਿਵਾਦ ਤੋਂ ਬਾਅਦ ਕਈ ਦਿਨਾਂ ਤੱਕ ਸੁਰਖੀਆਂ 'ਚ ਰਹੇ ਇਸ ਮਾਮਲੇ 'ਚ ਅੱਜ ਇਕ ਨਵਾਂ ਮੋੜ ਆ ਗਿਆ ਹੈ। ਡਾਂਸਰ ਸਿਮਰ ਸੰਧੂ ਨੇ ਸਮਰਾਲਾ ਥਾਣੇ 'ਚ ਪਹੁੰਚ ਕੇ ਇਸ ਮਾਮਲੇ 'ਚ ਗ੍ਰਿਫਤਾਰ ਕੀਤੇ ਪੁਲਸ ਮੁਲਾਜ਼ਮ ਜਗਰੂਪ ਸਿੰਘ ਨੂੰ ਬੇਕਸੂਰ ਦੱਸਦਿਆਂ ਉਸ ਨੂੰ ਮਾਮਲੇ 'ਚੋਂ ਬਾਹਰ ਕੱਢਣ ਦੀ ਮੰਗ ਕੀਤੀ ਹੈ। ਸਿਮਰ ਸੰਧੂ ਨੇ ਕਿਹਾ ਕਿ ਉਸ 'ਤੇ ਗਲਾਸ ਸੁੱਟਣ ਵਾਲਾ ਵਿਅਕਤੀ ਕੋਈ ਹੋਰ ਹੈ, ਜਿਸ ਨੂੰ ਉਸ ਨੇ ਪਛਾਣ ਲਿਆ ਹੈ। ਜੇਕਰ ਉਹ ਵਿਅਕਤੀ ਕੈਮਰੇ ਅੱਗੇ ਆ ਕੇ ਆਪਣੀ ਗਲਤੀ ਮੰਨ ਲਵੇ ਤਾਂ ਉਹ ਉਸ ਨੂੰ ਮੁਆਫ਼ ਕਰ ਦੇਵੇਗੀ। ਅੱਜ ਦੇਰ ਸ਼ਾਮ ਸਮਰਾਲਾ ਥਾਣੇ 'ਚ ਗੱਲ ਕਰਦਿਆਂ ਡਾਂਸਰ ਨੇ ਸਪੱਸ਼ਟ ਰੂਪ 'ਚ ਕਿਹਾ ਕਿ ਉਸ 'ਤੇ ਕਿਸੇ ਤਰ੍ਹਾਂ ਦਾ ਕੋਈ ਦਬਾਅ ਨਹੀਂ ਹੈ ਤੇ ਜਿਹੜਾ ਵਿਅਕਤੀ ਬੇਕਸੂਰ ਹੈ, ਉਸ ਨੂੰ ਉਹ ਕਿਸੇ ਵੀ ਕੀਮਤ 'ਤੇ ਸਜਾ ਨਹੀਂ ਹੋਣ ਦੇਵੇਗੀ। ਸਿਮਰ ਸੰਧੂ ਨੇ ਕਿਹਾ ਕਿ ਉਸ ਦਿਨ ਸਟੇਜ ਸ਼ੋਅ ਦੌਰਾਨ ਉਸ 'ਤੇ ਸ਼ਰਾਬ ਨਾਲ ਭਰਿਆ ਕੱਚ ਦਾ ਗਲਾਸ ਸੁੱਟਣ ਵਾਲਾ ਨੌਜਵਾਨ ਕੋਈ ਹੋਰ ਹੈ, ਜਿਸ ਦੀ ਉਸ ਨੂੰ



ਪਛਾਣ ਹੈ। ਉਹ ਵਿਅਕਤੀ ਬੰਦ ਕਮਰੇ 'ਚ ਬੈਠ ਕੇ ਉਸ ਨਾਲ ਸਮਝੌਤਾ ਕਰਨਾ ਚਾਹੁੰਦਾ ਹੈ ਪਰ ਉਹ ਕਿਸੇ ਵੀ ਕੀਮਤ 'ਤੇ ਉਦੋਂ ਤੱਕ ਉਸ ਨੂੰ ਮੁਆਫ਼ ਨਹੀਂ ਕਰੇਗੀ, ਜਦੋਂ ਤੱਕ ਉਹ ਕੈਮਰੇ ਅੱਗੇ ਆ ਕੇ ਆਪਣੀ ਗਲਤੀ ਨਹੀਂ ਮੰਨਦਾ। ਸਿਮਰ ਸੰਧੂ ਨੇ ਕਿਹਾ ਕਿ ਗ੍ਰਿਫਤਾਰ ਕੀਤੇ ਗਏ ਪੁਲਸ ਮੁਲਾਜ਼ਮ ਨੇ ਉਸ ਨਾਲ ਉਸ ਦਿਨ ਕੋਈ ਬਦਸਲੂਕੀ ਨਹੀਂ ਕੀਤੀ ਸੀ ਤੇ ਨਾ ਹੀ ਉਸ ਦਾ ਕੋਈ ਹੋਰ ਰੋਲ ਹੀ ਇਸ ਪੂਰੇ ਮਾਮਲੇ 'ਚ ਰਿਹਾ ਹੈ। ਸੰਧੂ ਨੇ ਕਿਹਾ ਕਿ ਉਸ ਨੇ ਤਾਂ ਆਪਣੀ ਸ਼ਿਕਾਇਤ 'ਚ ਜਗਰੂਪ ਸਿੰਘ ਦਾ ਜ਼ਿਕਰ ਤੱਕ ਨਹੀਂ ਸੀ ਕੀਤਾ ਪਰ ਪਤਾ ਨਹੀਂ ਪੁਲਸ ਨੇ ਉਸ ਨੂੰ ਕਿਵੇਂ ਗ੍ਰਿਫਤਾਰ ਕਰ ਲਿਆ। ਡਾਂਸਰ ਸਿਮਰ ਸੰਧੂ ਨੇ ਇਹ ਗੱਲ ਵੀ ਆਖੀ ਕਿ ਉਸ ਦੀ ਕਿਸੇ ਨਾਲ ਕੋਈ ਨਿੱਜੀ ਲੜਾਈ ਨਹੀਂ ਹੈ, ਜੇਕਰ ਅੱਜ ਵੀ ਗਲਾਸ ਸੁੱਟਣ ਵਾਲਾ ਲੜਕਾ, ਜਿਸ ਦਾ ਨਾਂ ਬਿੰਦਰ ਸਿੰਘ ਹੈ, ਕੈਮਰੇ ਅੱਗੇ ਆ ਕੇ ਗਲਤੀ ਮੰਨ ਲੈਂਦਾ ਹੈ ਤਾਂ ਇਕ ਮਿੰਟ ਤੋਂ ਪਹਿਲਾਂ ਉਸ ਨੂੰ ਮੁਆਫ਼ ਕਰ ਦੇਵੇਗੀ। ਇਥੇ ਜ਼ਿਕਰਯੋਗ ਹੈ ਕਿ ਘਟਨਾ ਦੇ ਅਗਲੇ ਦਿਨ ਡਾਂਸਰ 'ਤੇ ਗਲਾਸ ਸੁੱਟੇ ਜਾਣ ਦੀ ਵੀਡੀਓ ਸ਼ੋਸ਼ਲ ਮੀਡੀਆ 'ਤੇ ਵਾਇਰਲ ਹੁੰਦੇ ਹੀ ਪੁਲਸ ਨੇ ਇਸ ਮਾਮਲੇ 'ਤੇ ਕਾਰਵਾਈ ਵਜੋਂ ਸਮਰਾਲਾ ਥਾਣੇ 'ਚ ਮਾਮਲਾ ਦਰਜ ਕੀਤਾ ਸੀ। ਕਈ ਦਿਨਾਂ ਤੱਕ ਇਹ ਮਾਮਲਾ ਇੰਨਾ ਚਰਚਿਤ ਰਿਹਾ ਕਿ ਪੰਜਾਬ ਮਹਿਲਾ ਕਮਿਸ਼ਨ ਨੇ ਵੀ ਨੋਟਿਸ ਲੈਂਦਿਆਂ ਐੱਸ. ਐੱਸ. ਪੀ. ਖੰਨਾ ਨੂੰ ਇਸ ਮਾਮਲੇ ਦੀ ਜਾਂਚ ਡੀ. ਐੱਸ. ਪੀ. ਪੱਧਰ ਦੇ ਅਧਿਕਾਰੀ ਤੋਂ ਕਰਵਾ ਕੇ ਇਕ ਹਫਤੇ 'ਚ ਰਿਪੋਰਟ ਕਮਿਸ਼ਨ ਅੱਗੇ ਪੇਸ਼ ਕਰਨ ਦੇ ਨਿਰਦੇਸ਼ ਜਾਰੀ ਕੀਤੇ ਸਨ।

# ਅਕਾਲੀਆਂ ਨੂੰ ਅਜੇ ਵੀ ਗੱਠਜੋੜ ਦੀ ਆਸ ! ਕਿਸਾਨਾਂ ਵੱਲੋਂ ਭਾਜਪਾ ਉਮੀਦਵਾਰਾਂ ਦੇ ਵਿਰੋਧ ਮਗਰੋਂ ਬਦਲੇ ਹਾਲਾਤ

**ਏਜੰਸੀਆਂ**

ਲੁਧਿਆਣਾ 13 ਅਪ੍ਰੈਲ। ਸ਼੍ਰੋਮਣੀ ਅਕਾਲੀ ਦਲ ਪੰਜਾਬ 'ਚ 13 ਲੋਕ ਸਭਾ ਸੀਟਾਂ 'ਤੇ ਚੋਣ ਲੜਨ ਲਈ ਬੋਚ-ਬੋਚ ਕੇ ਪੈਰ ਧਰ ਰਿਹਾ ਹੈ ਅਤੇ ਅਕਾਲੀ ਦਲ ਨੂੰ ਉਮੀਦਵਾਰ ਖੜ੍ਹੇ ਕਰਨ 'ਚ ਕਿਤੇ ਨਾ ਕਿਤੇ ਪ੍ਰੇਸ਼ਾਨੀ ਪੇਸ਼ ਆਉਂਦੀ ਦੱਸੀ ਜਾ ਰਹੀ ਹੈ ਕਿਉਂਕਿ ਭਾਜਪਾ ਨਾਲ ਗੱਠਜੋੜ ਨਾ ਹੋਣ 'ਤੇ ਕਈ ਚੋਣ ਲੜਨ ਵਾਲੇ ਅਕਾਲੀ ਨੇਤਾਵਾਂ ਦੇ ਦਿਲ ਦੀਆਂ ਦਿਲ ਵਿਚ ਹੀ ਰਹਿ ਗਈਆਂ ਕਿਉਂਕਿ ਅਕਾਲੀ ਦਲ ਨਾਲ ਸਬੰਧਤ ਚੋਣ ਲੜਨ ਵਾਲੇ ਨੇਤਾਵਾਂ ਨੂੰ ਆਸ ਸੀ ਕਿ ਆਖਰੀ ਸਮੇਂ ਅਕਾਲੀ-ਭਾਜਪਾ ਗੱਠਜੋੜ ਹੋ ਜਾਵੇਗਾ ਅਤੇ ਵੱਡੇ ਪੱਧਰ 'ਤੇ ਸ਼ਹਿਰੀ ਵੋਟ ਭਾਜਪਾ ਰਾਹੀਂ ਅਕਾਲੀ ਦਲ ਦੇ ਹੱਕ 'ਚ ਭੁਗਤੇਗੀ ਪਰ ਕਿਸਾਨ ਸੰਘਰਸ਼ ਅਤੇ ਬੰਦੀ ਸਿੰਘਾਂ ਦਾ ਮਾਮਲਾ ਐਸਾ ਅੜਿਆ ਕਿ ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਨੇ ਭਾਜਪਾ ਨਾਲ ਗੱਠਜੋੜ ਤੋਂ ਕੋਰੀ ਨਾਂਹ ਕਰ ਦਿੱਤੀ। ਉਸ ਦਿਨ ਤੋਂ ਬਾਅਦ ਭਾਵੇਂ ਭਾਜਪਾ ਤਾਂ ਸ਼ਹਿਰੀ ਹਲਕਿਆਂ ਕਰ ਕੇ ਕੱਛਾਂ ਮਾਰ ਰਹੀ ਹੈ ਪਰ ਅਕਾਲੀ ਦਲ ਮੌਜੂਦਾ ਹਾਲਾਤ ਨੂੰ ਦੇਖ ਕੇ ਜਰਬਾਂ-ਤਕਸੀਮਾਂ ਲਗਾ ਰਿਹਾ ਹੈ। ਹੁਣ ਭਰੋਸੇਯੋਗ ਸੂਤਰਾਂ ਨੇ ਵੱਡਾ ਇਸ਼ਾਰਾ ਕੀਤਾ ਕਿ ਭਾਜਪਾ ਨੂੰ ਵੀ ਇਸ ਗੱਲ ਦਾ ਇਲਮ ਹੋ ਗਿਆ ਹੈ ਕਿ ਪਿੰਡਾਂ 'ਚ ਕਿਸਾਨ ਨੇਤਾ ਉਨ੍ਹਾਂ ਦੇ ਜੜ੍ਹੀਂ ਬੈਠ ਸਕਦੇ ਹਨ ਅਤੇ ਉਨ੍ਹਾਂ ਦਾ ਭਰਵਾਂ ਵਿਰੋਧ ਹੋ ਸਕਦਾ ਹੈ। ਇਸ ਲਈ ਭਾਜਪਾ ਵਾਲੇ ਹੁਣ ਬੰਦੀ ਸਿੰਘਾਂ ਦੇ ਮਾਮਲੇ ਅਤੇ ਕਿਸਾਨਾਂ ਦੇ ਮੁੱਦੇ 'ਤੇ ਅੰਦਰਖਾਤੇ ਕੋਈ ਵਿਚਕਾਰਲਾ ਰਾਹ ਲੱਭਣ ਲੱਗ ਪਿਆ ਹੈ। ਸੂਤਰਾਂ ਨੇ ਦੱਸਿਆ ਕਿ ਭਾਵੇਂ ਭਾਜਪਾ ਨਾਲੋਂ ਗੱਠਜੋੜ ਟੁੱਟ ਚੁੱਕਾ ਹੈ ਪਰ ਅਕਾਲੀ ਦਲ ਦੇ ਨੇਤਾਵਾਂ ਨੂੰ ਅਜੇ ਵੀ ਆਸ ਹੈ ਕਿ ਜੇਕਰ ਮੰਗਾਂ ਸਬੰਧੀ ਭਾਜਪਾ ਨਰਮ ਹੁੰਦੀ ਹੈ ਜਾਂ ਫਰਾਖ਼ਦਿਲੀ ਦਿਖਾਉਂਦੀ ਹੈ ਤਾਂ ਮੁੜ ਗੱਠਜੋੜ ਹੋ ਸਕਦਾ ਹੈ ਕਿਉਂਕਿ ਅਜੇ ਤੱਕ ਭਾਜਪਾ ਨੇ ਸਿਰਫ 6 ਸੀਟਾਂ 'ਤੇ ਹੀ ਐਲਾਨ ਕੀਤਾ ਹੈ ਅਤੇ ਭਾਜਪਾ 6 ਸੀਟਾਂ ਹੀ ਮੰਗਦੀ ਸੀ। ਬਾਕੀ ਹੁਣ ਦੇਖਦੇ ਹਾਂ ਕਿ ਆਉਣ ਵਾਲੇ ਦਿਨਾਂ 'ਚ ਭਾਜਪਾ ਹੋਰਨਾਂ ਥਾਵਾਂ 'ਤੇ ਵੀ ਉਮੀਦਵਾਰ ਉਤਾਰਦੀ ਹੈ ਜਾਂ ਫਿਰ 'ਵੇਟ ਐਂਡ ਵਾਚ' 'ਤੇ ਚਲਦੀ ਹੈ।

# 'ਚੇਤਨਾ ਮਾਰਚ' ਸ਼ੁਰੂ ਕਰਨ ਤੋਂ ਪਹਿਲਾਂ ਹੀ ਅੰਮ੍ਰਿਤਪਾਲ ਦੇ ਪਰਿਵਾਰਕ ਮੈਂਬਰਾਂ ਨੂੰ ਪੁਲਸ ਨੇ ਲਿਆ ਹਿਰਾਸਤ 'ਚ

ਅੰਮ੍ਰਿਤਸਰ 13 ਅਪ੍ਰੈਲ। ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਤਕ 'ਚੇਤਨਾ ਮਾਰਚ' ਸ਼ੁਰੂ ਕਰਨ ਤੋਂ ਪਹਿਲਾਂ ਹੀ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁੱਖ ਸੇਵਾਦਾਰ ਅਤੇ ਡਿਬਰੂਗੜ੍ਹ ਜੇਲ੍ਹ ਵਿਚ ਨਜਰਬੰਦ ਅੰਮ੍ਰਿਤਪਾਲ ਸਿੰਘ ਦੀ ਮਾਤਾ ਬੀਬੀ ਬਲਵਿੰਦਰ ਕੌਰ, ਚਾਚਾ ਸੁਖਚੈਨ ਸਿੰਘ, ਅੰਮ੍ਰਿਤਸਰ ਜੇਲ੍ਹ ਵਿਚ ਨਜਰਬੰਦ ਭਾਈ ਗੁਰਪ੍ਰੀਤ ਸਿੰਘ ਦੀ ਧਰਮ ਪਤਨੀ ਬੀਬੀ ਮਨਜੀਤ ਕੌਰ, ਭਾਈ ਅੰਮ੍ਰਿਤਪਾਲ ਸਿੰਘ ਦੀ ਚਾਚੀ ਤੇ ਭੂਆ ਨੂੰ ਪੁਲਸ ਨੇ ਗੋਲਡਨ ਗੇਟ ਜੀ. ਟੀ. ਰੋਡ ਤੋਂ ਹਿਰਾਸਤ ਵਿਚ ਲੈ ਲਿਆ। ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀ ਸਿੰਘਾਂ ਦੇ ਪਰਿਵਾਰਕ ਮੈਂਬਰਾਂ ਦੇ ਪੁਲਸ ਹਿਰਾਸਤ ਵਿਚ ਲਏ ਜਾਣ ਤੋਂ ਬਾਅਦ ਇਨ੍ਹਾਂ ਸਾਰਿਆਂ ਨੂੰ ਪੁਲਸ ਹਿਰਾਸਤ 'ਚੋਂ ਛਡਾਉਣ ਲਈ ਗਏ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਜਨਰਲ ਸਕੱਤਰ ਹਰਪਾਲ ਸਿੰਘ ਬਲੇਰ, ਜਸਬੀਰ ਸਿੰਘ ਬਚੜੇ, ਦਲਜੀਤ ਸਿੰਘ ਬਾਜਵਾ ਤੇ ਰਮਨਦੀਪ ਸਿੰਘ ਮੁੰਡਾ ਪਿੰਡ ਨੂੰ ਵੀ ਅੰਮ੍ਰਿਤਸਰ ਪੁਲਸ ਨੇ ਹਿਰਾਸਤ ਵਿਚ ਲੈ ਲਿਆ ਹੈ। ਸ੍ਰੀ ਦਰਬਾਰ ਸਾਹਿਬ ਵੱਲ ਜਾਂਦੀ ਵਿਰਾਸਤੀ ਗਲੀ 'ਚ ਬੰਦੀ ਸਿੰਘਾਂ ਦੇ ਪਰਿਵਾਰਕ ਮੈਂਬਰ 22 ਫਰਵਰੀ ਤੋਂ ਧਰਨਾ ਲਗਾਈ ਬੈਠੇ ਹਨ। ਅੱਜ ਦੁਪਹਿਰ ਜਦ 'ਚੇਤਨਾ ਮਾਰਚ' ਦੀ ਆਰੰਭਤਾ ਤੋਂ ਪਹਿਲਾਂ ਭਾਈ ਅੰਮ੍ਰਿਤਪਾਲ ਸਿੰਘ ਦੀ ਮਾਤਾ ਬੀਬੀ ਬਲਵਿੰਦਰ ਕੌਰ ਬੀਬੀਆਂ ਦਾ ਇਕ ਜਥਾ ਲੈ ਕੇ ਅੰਮ੍ਰਿਤਸਰ ਤੋਂ ਤਖ਼ਤ ਦਮਦਮਾ ਸਾਹਿਬ ਵੱਲ ਰਵਾਨਾ ਹੋਏ ਤਾਂ ਗੋਲਡਨ ਗੇਟ 'ਤੇ ਨਾਕਾ ਲਗਾਈ ਬੈਠੇ ਪੁਲਸ ਕਰਮਚਾਰੀਆਂ ਨੇ ਇਨ੍ਹਾਂ ਸਾਰਿਆਂ ਨੂੰ ਹਿਰਾਸਤ ਵਿਚ ਲੈ ਲਿਆ ਤੇ ਅਣਦੱਸੀ ਜਗ੍ਹਾ 'ਤੇ ਲੈ ਗਏ। ਇਸ ਦੌਰਾਨ ਮਾਤਾ ਬਲਵਿੰਦਰ ਕੌਰ ਨੇ ਗੱਡੀ 'ਚੋਂ ਲਾਈਵ ਹੋ ਕੇ ਸਾਰਾ ਹਾਲ ਦੱਸਿਆ। ਬੰਦੀ ਸਿੱਖਾਂ ਦੇ ਪਰਿਵਾਰਕ ਮੈਂਬਰਾਂ ਨੂੰ ਪੁਲਸ ਹਿਰਾਸਤ ਵਿਚ ਲਏ ਜਾਣ ਦਾ ਪਤਾ ਲੱਗਦੇ ਸਾਰ ਹੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਆਗੂ ਘਟਨਾ ਵਾਲੀ ਜਗ੍ਹਾ ਵੱਲ ਰਵਾਨਾ ਹੋਏ ਹੀ ਰਹੇ ਸਨ ਕਿ ਪੁਲਸ ਨੇ ਰਿਆਲਟੋ ਚੌਂਕ ਨੇੜੇ ਨਾਕਾ ਲਗਾ ਕੇ ਉਹਨਾਂ ਨੂੰ ਵੀ ਹਿਰਾਸਤ ਵਿਚ ਲੈ ਲਿਆ।

# ਕਾਲਾ ਸੰਘਿਆ ਡਰੇਨ ਵਿੱਚ ਜਲਦ ਵਗੇਗਾ 100 ਕਿਊਸਿਕ ਪਾਣੀ: ਸੰਤ ਬਲਬੀਰ ਸਿੰਘ ਸੀਚੇਵਾਲ

**ਸਰਦੂਲ ਸਿੰਘ**

ਲੋਹੀਆ ਖਾਸ/ਸੁਲਤਾਨਪੁਰ ਲੋਧੀ 13 ਅਪ੍ਰੈਲ। ਪੰਜਾਬ ਦੀ ਸਭ ਤੋਂ ਦੂਸ਼ਿਤ ਮੰਨੀ ਜਾਣ ਵਾਲੀ ਕਾਲਾ ਸੰਘਿਆ ਡਰੇਨ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਇਸ ਵਿਚ 100 ਕਿਊਸਿਕ ਛੱਡਿਆ ਜਾਵੇਗਾ। ਇਸ ਤੋਂ ਪਹਿਲਾਂ ਡਰੇਨ ਨੂੰ ਜਿੱਥੇ ਡੂੰਘਾ ਕੀਤਾ ਜਾ ਰਿਹਾ ਹੈ, ਉੱਥੇ ਹੀ ਇਸ ਦੇ ਦੋਹਾਂ ਕਿਨਾਰਿਆਂ 'ਤੇ ਪੱਥਰ ਲਗਾਏ ਜਾ ਰਹੇ ਹਨ। ਲੰਬੇ ਸਮੇਂ ਤੋਂ ਇਸ ਡਰੇਨ ਵਿੱਚ ਵਗ ਰਹੇ ਗੰਦੇ ਪਾਣੀ ਨੇ ਇਸ ਇਲਾਕੇ ਦੇ ਲੋਕਾਂ ਦਾ ਜੀਣਾ ਮੁਸ਼ਕਿਲ ਕੀਤਾ ਹੋਇਆ ਸੀ। ਰਾਜ ਸਭਾ ਮੈਂਬਰ ਤੇ ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਅੱਜ ਕਾਲਾ ਸੰਘਿਆ ਡਰੇਨ ਦਾ ਦੌਰਾ ਕੀਤਾ ਗਿਆ ਅਤੇ ਉੱਥੇ ਲੱਗ ਰਹੇ ਪੱਥਰ ਲਾਉਣ ਦੇ ਕੰਮ ਦਾ ਜ਼ਾਇਜ਼ਾ ਲਿਆ। ਇਸ ਮੌਕੇ ਨਿਗਰਾਨ ਇੰਜੀਅਨਰ ਗੁਰਪਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਕਾਲਾ ਸੰਘਿਆ ਡਰੇਨ ਨੂੰ ਸਮਾਰਟ ਸਿਟੀ ਪ੍ਰਾਜੈਕਟ ਤਹਿਤ ਪੱਕਾ ਕੀਤਾ ਜਾ ਰਿਹਾ ਹੈ। ਇਸ ਦੇ ਕਿਨਾਰਿਆਂ 'ਤੇ ਪੱਥਰ ਲਾਉਣ ਦਾ ਕੰਮ ਜੰਗੀ ਪੱਧਰ 'ਤੇ ਜਾਰੀ ਹੈ। ਉਨ੍ਹਾਂ ਕਿਹਾ ਕਿ ਡਰੇਨ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਇਸ ਵਿੱਚ 100 ਕਿਊਸਿਕ ਦੇ ਕਰੀਬ ਪਾਣੀ ਛੱਡਣ ਦੀ ਤਜਵੀਜ਼ ਰੱਖੀ ਗਈ ਹੈ। ਜਾਣਕਾਰੀ ਦਿੰਦਿਆਂ ਨਿਗਰਾਨ ਇੰਜੀਅਨਰ ਨੇ ਦੱਸਿਆ ਕਿ ਇਹ 34 ਕਰੋੜ ਦਾ ਪ੍ਰਾਜੈਕਟ ਹੈ। ਜਿਸ ਤਹਿਤ ਇਸਦੇ ਦੋਹਾਂ ਕਿਨਾਰਿਆਂ ਤੇ ਪੱਥਰ ਲਗਾਏ ਜਾ ਰਹੇ ਹਨ ਤੇ ਨਾਲ ਹੀ ਇਸ ਦੇ ਦੋਵਾਂ ਕਿਨਾਰਿਆਂ 'ਤੇ ਜਾਲੀ ਵੀ ਲਗਾਈ ਜਾਵੇਗੀ ਤਾਂ ਜੋ ਇਸ ਵਿੱਚ ਕੋਈ ਵੀ ਕੂੜਾ ਕਰਕਟ ਨਾ ਸੁੱਟ ਸਕੇ। ਉਸ ਨੇ ਦੱਸਿਆ ਕਿ ਪੱਥਰ ਲਾਉਣ ਦਾ ਇਹ ਕਾਰਜ਼ 50 ਫੀਸਦੀ ਮੁਕੰਮਲ ਹੋ ਚੁੱਕਾ ਹੈ। ਜ਼ਿਕਰਯੋਗ ਹੈ ਕਿ 45 ਕਿਲੋਮੀਟਰ ਦੇ ਕਰੀਬ ਲੰਬੀ ਇਸ ਡਰੇਨ ਦਾ 18 ਕਿਲੋਮੀਟਰ ਦਾ ਹਿੱਸਾ ਜ਼ਿਲ੍ਹਾ ਜਲੰਧਰ ਵਿੱਚੋਂ ਦੀ ਲੰਘਦਾ ਹੈ, ਜਿਸ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਆਲੇ ਦੁਆਲੇ ਦੇ ਪਿੰਡਾਂ ਦੇ ਲੋਕਾਂ ਨੂੰ ਨਾਲ ਲੈ ਕੇ 2008 ਤੋਂ ਸੰਘਰਸ਼ ਵਿੱਢਿਆ ਹੋਇਆ ਹੈ। ਇਸ ਡਰੇਨ ਵਿੱਚ ਕਦੇ ਈ-ਗਰੇਡ ਦਾ ਪਾਣੀ ਵੱਗਿਆ ਕਰਦਾ ਸੀ। ਕਾਲਾ ਸੰਘਿਆ ਡਰੇਨ 'ਤੇ ਦੋ ਵਾਰ ਸੰਤ ਸੀਚੇਵਾਲ ਦੀ ਅਗਵਾਈ ਹੇਠ ਬੰਨ੍ਹ ਲਗਾਏ ਗਏ ਸੀ, ਜਿਸ ਤੋਂ ਬਾਅਦ ਪੰਜਾਬ ਸਰਕਾਰ ਨੇ ਬਸਤੀ ਪੀਰਦਾਦ ਵਿੱਚ 50 ਐੱਮ. ਐੱਲ. ਡੀ. ਦਾ ਟਰੀਟਮੈਂਟ ਪਲਾਂਟ ਲਗਾਇਆ ਸੀ। ਹੁਣ ਵੀ 15 ਐੱਮ. ਐੱਲ. ਡੀ. ਦਾ ਇਕ ਹੋਰ ਟਰੀਟਮੈਂਟ ਪਲਾਂਟ ਬਣ ਕਿ ਤਿਆਰ ਹੈ, ਜਿਹੜਾ ਕਾਲਾ ਸੰਘਿਆ ਡਰੇਨ ਵਿਚ ਪੈ ਰਹੇ ਗੰਦੇ ਪਾਣੀ ਨੂੰ ਟਰੀਟ ਕਰੇਗਾ। ਸੰਤ ਸੀਚੇਵਾਲ ਨੇ ਕਿਹਾ ਕਿ ਪੰਜਾਬ ਦੀਆਂ ਜਿਹੜੀਆਂ ਡਰੇਨਾਂ ਇਸ ਵੇਲੇ ਗੰਦੇ ਨਾਲੇ ਬਣੀਆਂ ਹੋਈਆਂ ਹਨ,ਉਨ੍ਹਾਂ ਵਿਚ ਸਾਫ ਪਾਣੀ ਵੱਗਦਾ ਕਰਨ ਲਈ ਉਹ ਯਤਨਸ਼ੀਲ ਹਨ। ਉਨ੍ਹਾਂ ਦੱਸਿਆ ਕਿ ਇਸ ਡਰੇਨ ਚ ਸਾਫ ਪਾਣੀ ਵੱਗਦਾ ਹੋਣ ਨਾਲ ਜਿੱਥੇ ਇਸ ਇਲਾਕੇ ਨੂੰ ਗੰਦੇ ਪਾਣੀਆਂ ਤੋਂ ਵੱਡੀ ਨਿਜ਼ਾਤ ਮਿਲੇਗੀ, ਉੱਥੇ ਹੀ ਇਸ ਨਾਲ ਵੀ ਧਰਤੀ ਹੇਠਲਾ



ਪਾਣੀ ਵੀ ਰੀਚਾਰਜ਼ ਹੋਵੇਗਾ। ਇਸ ਮੌਕੇ ਸਬਰਜੀਤ ਸਿੰਘ ਡੇਅਰੀਆਂ ਵਾਲੇ ਵੱਲੋਂ ਸਰਕਾਰ ਤੇ ਖਾਸਕਰ ਰਾਜ ਸਭਾ ਮੈਂਬਰ ਸੰਤ ਸੀਚੇਵਾਲ ਦਾ ਧੰਨਵਾਦ ਕੀਤਾ ਗਿਆ। ਉਸ ਨੇ ਦੱਸਿਆ ਕਿ ਸੰਤ ਸੀਚੇਵਾਲ ਨੇ ਪੰਜਾਬ ਦੇ ਲੋਕਾਂ ਨੂੰ ਇੱਕ ਹੋਰ ਨਵਾਂ ਤੋਹਫਾ ਦਿੱਤਾ ਹੈ। ਹੁਣ ਇਸ ਵਿਚ 100 ਕਿਊਸਿਕ ਪਾਣੀ ਵਗਣ ਨਾਲ ਜਿੱਥੇ ਲੋਕ ਗੰਦੇ ਪਾਣੀਆਂ ਤੋਂ ਨਿਜ਼ਾਤ ਪਾਉਣਗੇ ਉੱਥੇ ਹੀ ਸਾਫ ਪਾਣੀ ਨਾਲ ਲੋਕਾਂ ਦੀ ਸਾਂਝ ਵਧੇਗੀ। ਸੰਤ ਸੀਚੇਵਾਲ ਦੇ ਯਤਨਾ ਸਦਕਾ ਹੀ ਇਸ ਇਲਾਕੇ ਲਈ ਵੱਡਾ ਕਲੰਕ ਬਣੀ ਕਾਲਾ ਸੰਘਿਆ ਡਰੇਨ ਮੁੜ ਤੋਂ ਸਾਫ਼ ਵਗੇਗੀ। ਉਨ੍ਹਾਂ ਦੱਸਿਆ ਕਿ ਇਸ ਕਾਲਾ ਸੰਘਿਆ ਡਰੇਨ ਦੇ ਗੰਦੇ ਪਾਣੀ ਇਲਾਕੇ ਦੇ ਲੋਕਾਂ ਲਈ ਪਿਛਲੇ ਕਈ ਸਾਲਾਂ ਤੋਂ ਇਕ ਸੰਤਾਪ ਬਣਿਆ ਹੋਇਆ ਹੈ। ਜਿਸ ਦੇ ਕਾਰਨ ਇਥੇ ਨਜ਼ਦੀਕ ਰਹਿਣ ਵਾਲੇ ਲੋਕ ਕੈਂਸਰ ਵਰਗੀਆਂ ਗੰਭੀਰ ਬੀਮਾਰੀਆਂ ਦੀ ਗ੍ਰਿਫਤ ਵਿੱਚ ਆ ਰਹੇ ਸੀ। ਰਾਜ ਸਭਾ ਮੈਂਬਰ ਅਤੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਜ਼ਿਲ੍ਹਾ ਜਲੰਧਰ ਇਸ ਵੇਲੇ ਜਿੱਥੇ ਜਲਵਾਯੂ ਦੀ ਮਾਰ ਹੇਠਾਂ ਆਇਆ ਹੋਇਆ ਹੈ, ਉੱਥੇ ਹੀ ਇਹ ਜ਼ਿਲ੍ਹਾ ਪਾਣੀ ਦੇ ਗੰਭੀਰ ਸੰਕਟ ਹੇਠਾਂ ਵੀ ਆ ਰਿਹਾ ਹੈ। ਉਨ੍ਹਾਂ ਵਰਲਡ ਵਾਇਡ ਫੰਡ ਫਾਰ ਨੇਚਰ ਦੀ ਰਿਪੋਰਟ ਦਾ ਹਵਾਲਾ ਦਿੰਦਿਆਂ ਹੋਇਆਂ ਦੱਸਿਆ ਕਿ 2050 ਤੱਕ ਇਹ ਜ਼ਿਲ੍ਹਾ ਜਲੰਧਰ ਪੀਣ ਵਾਲੇ ਪਾਣੀ ਲਈ ਵੀ ਤਰਸੇਗਾ। ਉਨ੍ਹਾਂ ਦੱਸਿਆ ਕਿ ਵਾਤਾਵਰਣ ਨੂੰ ਲੈ ਕੇ ਮਾਹਿਰਾਂ ਵੱਲੋਂ ਰਿਪੋਰਟਾਂ ਰਾਹੀ ਜੋ ਚਿਤਾਵਨੀਆਂ ਦਿੱਤੀਆਂ ਜਾ ਰਹੀਆਂ ਹਨ, ਉਹ ਬਹੁਤ ਹੀ ਖਤਰਨਾਕ ਹਨ।

## ਡੋਡਿਆਂ ਦੀ ਖੇਤੀ ਕਰਨ ਵਾਲੇ ਮਾਲਕ-ਨੌਕਰ ਖਿਲਾਫ ਮਾਮਲਾ ਦਰਜ

ਗੁਰਦਾਸਪੁਰ 13 ਅਪ੍ਰੈਲ। ਜ਼ਿਲ੍ਹਾ ਪੁਲਸ ਗੁਰਦਾਸਪੁਰ ਨੇ ਇਕ ਵਿਅਕਤੀ ਨੂੰ 29 ਕਿੱਲੋ 200 ਗ੍ਰਾਮ ਡੋਡਿਆਂ ਦੇ ਹਰੇ ਬੂਟਿਆਂ ਸਮੇਤ ਗ੍ਰਿਫਤਾਰ ਕਰਕੇ ਐੱਨ.ਡੀ.ਪੀ.ਐੱਸ ਐਕਟ ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਇਹ ਖੇਤੀ ਜ਼ਮੀਨ ਮਾਲਿਕ ਆਪਣੇ ਨੌਕਰ ਦੇ ਨਾਲ ਮਿਲ ਕੇ ਕਰਦਾ ਸੀ। ਮੌਕੇ ਤੋਂ ਪੁਲਸ ਨੇ ਨੌਕਰ ਨੂੰ ਗ੍ਰਿਫਤਾਰ ਕਰ ਲਿਆ। ਜਦਕਿ ਮਾਲਕ ਅਜੇ ਫਰਾਰ ਹੈ। ਇਸ ਸਬੰਧੀ ਸਬ ਇੰਸਪੈਕਟਰ ਬਲਦੇਵ ਸਿੰਘ ਨੇ ਦੱਸਿਆ ਕਿ ਉਹ ਪੁਲਸ ਪਾਰਟੀ ਦੇ ਨਾਲ ਪਿੰਡ ਰਣੀਆਂ ਮਾਜੂਦ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਅਮਨਦੀਪ ਸਿੰਘ ਉਰਫ ਅਮਨ ਪੁੱਤਰ ਅਜਮੇਰ ਸਿੰਘ ਵਾਸੀ ਰਣੀਆ ਆਪਣੇ ਨੌਕਰ ਕਸ਼ਮੀਰ ਮਸੀਹ ਉਰਫ ਭੋਲਾ ਪੁੱਤਰ ਰਤਨ ਮਸੀਹ ਵਾਸੀ ਸਿੱਧਵਾ ਨਾਲ ਰਲ ਕੇ ਆਪਣੀ ਹਵੇਲੀ ਦੇ ਨਾਲ ਜ਼ਮੀਨ ਵਿਚ ਡੋਡਿਆਂ ਦੀ ਖੇਤੀ ਕਰਦਾ ਹੈ। ਜਿੰਨਾਂ ਨੇ ਆਪਣੀ ਜ਼ਮੀਨ ਵਿਚੋਂ ਡੋਡਿਆਂ ਦੀ ਖੇਤੀ ਦੇ ਬੂਟੇ ਵੱਢ ਕੇ ਆਪਣੀ ਹਵੇਲੀ ਵਿਚ ਸੁਕਾਉਣ ਲਈ ਰੱਖੇ ਹੋਏ ਹਨ। ਪੁਲਸ ਅਧਿਕਾਰੀ ਨੇ ਦੱਸਿਆ ਕਿ ਇਹ ਇਤਲਾਹ ਮਿਲਣ 'ਤੇ ਤਫਤੀਸ਼ੀ ਅਫਸਰ ਅਤੇ ਪੁਲਸ ਪਾਰਟੀ ਦੇ ਨਾਲ ਦੋਸ਼ੀ ਅਮਨਦੀਪ ਸਿੰਘ ਦੀ ਹਵੇਲੀ ਵਿਚ ਰੇਡ ਕੀਤੀ ਤਾਂ ਦੋਸ਼ੀ ਕਸ਼ਮੀਰ ਮਸੀਹ ਉਰਫ ਭੋਲਾ ਮੌਕੇ 'ਤੇ ਹਾਜ਼ਰ ਸੀ ਅਤੇ ਮੌਕੇ ਤੋਂ ਡੋਡਿਆਂ ਦੇ 29 ਕਿੱਲੋ 200 ਗ੍ਰਾਮ ਹਰੇ ਬੂਟੇ ਬਰਾਮਦ ਕੀਤੇ ਗਏ। ਪੁਲਸ ਅਧਿਕਾਰੀ ਨੇ ਦੱਸਿਆ ਕਿ ਦੋਸ਼ੀ ਕਸ਼ਮੀਰ ਮਸੀਹ ਉਰਫ ਭੋਲਾ ਨੂੰ ਤਾਂ ਗ੍ਰਿਫਤਾਰ ਕਰ ਲਿਆ ਹੈ, ਜਦਕਿ ਅਮਨਦੀਪ ਸਿੰਘ ਉਰਫ ਅਮਨ ਅਜੇ ਫਰਾਰ ਹੈ। ਜਿਸ ਨੂੰ ਛੇਤੀ ਗ੍ਰਿਫਤਾਰ ਕਰ ਲਿਆ ਜਾਵੇਗਾ।